Date : 01-8-2018

# SUBJECT : HISTORY

# CLASS XII

# Chapter 1 (New)

## Politics, Society and Religion in the Punjab
## (Late 15th - Early 16th Centuries)

# (Punjabi Medium)

ਪਾਠ 1

# ਪੰਜਾਬ ਦੀ ਰਾਜਨੀਤੀ, ਸਮਾਜ ਅਤੇ ਧਰਮ

(15ਵੀਂ ਸਦੀ ਤੋਂ ਮੁਢਲੀ 16ਵੀਂ ਸਦੀ ਤੱਕ)

1. ਭੂਮਿਕਾ
2. ਰਾਜਨੀਤਿਕ ਗਤੀ-ਵਿਧੀਆਂ ਅਤੇ ਪ੍ਰਸ਼ਾਸਨ
3. ਇਸਲਾਮੀ ਸਮਾਜ
4. 'ਹਿੰਦੂ' ਸਮਾਜ
5. ਇਸਲਾਮ: ਸੁੰਨੀ, ਸ਼ੀਆ ਅਤੇ ਸੂਫ਼ੀ
6. ਬ੍ਰਾਹਮਣਵਾਦੀ ਸੰਪਰਦਾਵਾਂ: ਸ਼ੈਵ, ਵੈਸ਼ਨਵ ਅਤੇ ਸ਼ਾਕਤ
7. ਨਵੀਆਂ ਧਾਰਮਿਕ ਲਹਿਰਾਂ: ਗੋਰਖਨਾਥੀ ਯੋਗੀ, ਵੈਸ਼ਨਵ ਭਗਤੀ ਲਹਿਰ ਅਤੇ 'ਭਗਤ' ਕਬੀਰ

## 1. ਭੂਮਿਕਾ

1.1 ਆਰੰਭ ਵਿਚ ਹੀ ਇਹ ਗੱਲ ਸਪੱਸ਼ਟ ਕਰ ਦੇਣੀ ਉਚਿੱਤ ਰਹੇਗੀ ਕਿ ਇਸ ਸਮੇਂ ਅਸੀਂ ਜਿਸ ਭੂਗੋਲਿਕ ਖੇਤਰ ਦਾ ਅਧਿਐਨ ਕਰ ਰਹੇ ਹਾਂ ਜੋ ਉੱਤਰ ਵਿਚ ਹਿਮਾਲਾ ਪਰਬਤ, ਦੱਖਣ ਵਿਚ ਥਾਰ ਮਾਰੂਥਲ, ਪੂਰਬ ਵੱਲ ਜਮੁਨਾ ਅਤੇ ਪੱਛਮ ਵੱਲ ਸਿੰਧ ਦਰਿਆਵਾਂ ਵਿਚਕਾਰ ਸਥਿੱਤ ਹੈ ਅਤੇ ਜਿਸ ਨੂੰ ਇਤਿਹਾਸ ਵਿਚ ਪੰਜਾਬ ਨਾਂ ਨਾਲ ਜਾਣਿਆ ਜਾਂਦਾ ਹੈ।

1.2 ਪੰਜਾਬ ਵਿੱਚ ਇਸਲਾਮ ਦਾ ਪ੍ਰਵੇਸ਼ ਮਹਿਮੂਦ ਗ਼ਜਨਵੀ ਦੇ ਹਮਲਿਆਂ ਨਾਲ ਹੋਇਆ। ਗ਼ਜਨਵੀ ਦੇ ਨਾਲ ਆਏ ਮੁਸਲਮਾਨ ਸਿਪਾਹੀ, ਹਾਕਮ, ਵਿਦਵਾਨਾਂ, ਸਾਹਿਤਕਾਰਾਂ, ਬੁੱਧੀਮਾਨ ਅਤੇ ਧਾਰਮਿਕ ਪ੍ਰਚਾਰਕਾਂ ਨੇ ਪੰਜਾਬ ਨੂੰ ਆਪਣਾ ਘਰ ਬਣਾ ਕੇ ਇਥੇ ਆਪਣਾ ਵਸੇਬਾ ਕਰ ਲਿਆ। ਇਨ੍ਹਾਂ ਆਬਾਦਕਾਰਮੁਸਲਮਾਨਾਂ ਤੋਂ ਇਲਾਵਾ ਬਹੁਤ ਗਿਣਤੀ ਵਿੱਚ ਇਥੋਂ ਦੇ ਵਸਨੀਕਾਂ ਨੇ ਵੀ ਆਪਣੀ ਸਹਿਮਤੀ ਜਾਂ ਹਕੂਮਤ ਦੇ ਦਬਾਅ ਹੇਠ ਇਸਲਾਮ ਨੂੰ ਅਪਣਾਇਆ। ਇਸ ਨਾਲ ਇਸਲਾਮ ਪੰਜਾਬ ਦੇ ਸਮਾਜ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਬਣ ਗਿਆ।

1.3 ਇਹ ਗੱਲ ਵੀ ਧਿਆਨ ਗੋਚਰੀ ਹੈ ਕਿ ਅਰਬੀ ਅਤੇ ਫਾਰਸੀ ਲੇਖਕਾਂ ਨੇ ਇਸ ਉੱਪ-ਮਹਾਂਦੀਪ ਦੇ ਲੋਕਾਂ ਨੂੰ ਹਿੰਦੂ ਕਹਿ ਕੇ ਜਾਣਿਆ ਅਤੇ ਭਾਰਤ ਨੂੰ ਉਨ੍ਹਾਂ ਨੇ ਹਿੰਦੁਸਤਾਨ, 'ਹਿੰਦੂਆਂ ਦਾ ਦੇਸ਼' ਦਾ ਨਾਂ ਦਿੱਤਾ। ਸਮੁੱਚੇ ਤੌਰ ਤੇ 'ਹਿੰਦੂ' ਦਾ ਅਰਥ ਗ਼ੈਰ-ਮੁਸਲਮਾਨ ਭਾਰਤੀ ਹੀ ਸਮਝਿਆ ਜਾਂਦਾ ਸੀ।

1.4 ਹਿੰਦੂਆਂ ਵਿਚ ਉਸ ਸਮੇਂ ਕੋਈ ਵੀ ਇੱਕੋ ਇੱਕ ਇਸ਼ਟ ਅਤੇ ਸਾਂਝ ਧਾਰਮਿਕ ਪੂਜਣ ਵਿਧੀ ਅਤੇ ਰੀਤੀ ਨਹੀਂ ਸੀ। ਜਦੋਂ ਅਸੀਂ  ਇਸਲਾਮ ਦੀ ਗੱਲ ਕਰਦੇ ਹਾਂ ਤਾਂ ਸਾਡਾ ਭਾਵ ਮੁੱਖ ਤੌਰ ਤੇ ਸੁੰਨੀ, ਸ਼ੀਆ ਅਤੇ ਸੂਫ਼ੀ ਸੰਪਰਦਾਵਾਂ ਤੋਂ ਹੈ। ਜਦੋਂ ਹਿੰਦੂ ਧਰਮ ਬਾਰੇ ਜ਼ਿਕਰ ਕਰਦੇ ਹਾਂ ਤਾਂ ਸਾਡਾ ਭਾਵ ਸ਼ੈਵ, ਵੈਸ਼ਨਵ ਅਤੇ ਸ਼ਾਕਤ ਮੱਤਾਂ ਤੋਂ ਹੈ; ਜੋ ਕਿ ਬ੍ਰਾਹਮਣਵਾਦ ਦੀਆਂ ਰਵਾਇਤੀ ਸੰਪਰਦਾਵਾਂ ਹਨ। ਹਿੰਦੂਆਂ ਵਿੱਚ ਗੋਰਖਨਾਥੀ ਯੋਗੀ, ਵੈਸ਼ਨਵ ਭਗਤੀ ਅਤੇ ‘ਭਗਤ’ ਕਬੀਰ ਨਵੀਂ ਲਹਿਰਾਂ ਸਨ।




## 2. ਰਾਜਨੀਤਿਕ ਗਤੀ-ਵਿਧੀਆਂ ਅਤੇ ਪ੍ਰਸ਼ਾਸਨ

2.1 ਸੰਨ 1451 ਵਿੱਚ ਦਿੱਲੀ ਦੇ ਤਖ਼ਤ ਤੇ ਬਹਿਲੋਲ ਲੋਧੀ ਦਾ ਕਬਜ਼ਾ ਹੋ ਗਿਆ। 1489 ਵਿੱਚ, ਉਸ ਦੇ ਮੌਤ ਤੋਂ ਬਾਅਦ, ਸਿਕੰਦਰ ਲੋਧੀ (1489-1517) ਦਿੱਲੀ ਦੇ ਤਖ਼ਤ ਤੇ ਬੈਠਿਆ। ਉਸ ਦੀ ਮੌਤ ਤੋਂ ਬਾਅਦ 1517 ਵਿੱਚ ਉਸਦਾ ਪੁੱਤਰ ਇਬਰਾਹੀਮ ਲੋਧੀ, ਗੱਦੀ ਤੇ ਬੈਠਾ। ਇਬਰਾਹੀਮ 1526 ਵਿੱਚ ਬਾਬਰ ਵਿਰੁੱਧ ਲੜੀ ਗਈ ਪਾਣੀਪੱਤ ਦੀ ਲੜਾਈ ਵਿੱਚ ਮਾਰਿਆ ਗਿਆ। ਤਿੰਨੋ ਹੀ ਲੋਧੀ ਸੁਲਤਾਨਾਂ ਨੇ ਦਿੱਲੀ ਦੀ ਸਲਤਨਤ ਵਿੱਚ ਨਵੇਂ ਇਲਾਕੇ ਸ਼ਾਮਲ ਕੀਤੇ। ਇਨ੍ਹਾਂ ਵਿੱਚੋਂ ਸੱਭ ਤੋਂ ਵੱਧ ਮਹੱਤਵਪੂਰਨ ਜਿੱਤ ਸਰਕੀ ਸਲਤਨਤ, ਜੋ ਕਿ ਜੌਨਪੁਰ ਦੀ ਰਿਆਸਤ ਸੀ, ਦੀ ਸੀ। ਬਹਿਲੋਲ ਨੇ ਇਸਦਾ ਪੱਛਮੀ ਹਿੱਸਾ 1486 ਵਿੱਚ ਜਿੱਤਿਆ ਅਤੇ ਸਿਕੰਦਰ ਲੋਧੀ ਨੇ ਬਾਕੀ ਦਾ ਇਲਾਕਾ 1495 ਵਿੱਚ। ਇਬਰਾਹੀਮ ਨੇ ਢੋਲਪੁਰ, ਗਵਾਲੀਅਰ ਅਤੇ ਰਾਜਸਥਾਨ ਦੇ ਕੁੱਝ ਹੋਰ ਇਲਾਕੇ ਜਿੱਤੇ, ਪਰ ਚੰਦੇਰੀ ਦਾ ਇਲਾਕਾ ਰਾਣਾ ਸਾਂਗਾ ਨੂੰ ਹਾਰ ਗਿਆ। ਬਹਿਲੋਲ ਅਤੇ ਸਿਕੰਦਰ ਲੋਧੀ ਦੇ ਸਮੇਂ ਪੰਜਾਬ ਵਿੱਚ ਕੋਈ ਵੀ ਯੁੱਧ ਨਹੀਂ ਹੋਇਆ। ਪੰਜਾਬ ਵਿਚ ਸਭ ਤੋਂ ਵੱਧ  ਮਹੱਤਵਪੂਰਨ ਘਟਨਾਵਾਂ ਬਾਬਰ ਦੇ ਸਮੇਂ ਹੀ ਘਟੀਆਂ। 1519 ਵਿੱਚ ਉਸ ਨੇ ਲੋਧੀਆਂ ਦੇ ਜੇਹਲਮ ਪਾਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ। 1520 ਵਿੱਚ, ਉਸ ਨੇ ਸਿਆਲਕੋਟ ਤੇ ਕਬਜ਼ਾ ਕੀਤਾ ਅਤੇ ਸੈਦਪੁਰ (ਅਮੀਨਾਬਾਦ) ਨੂੰ ਤਬਾਹ ਕੀਤਾ। ਫਿਰ 1524 ਵਿੱਚ, ਲਹੌਰ ਅਤੇ ਅਤੇ ਦੀਪਾਲਪੁਰ ਉੱਤੇ ਕਬਜ਼ਾ ਕੀਤਾ। 1526 ਵਿੱਚ,

ਪਾਣੀਪੱਤ ਦੀ ਲੜਾਈ ਦੀ ਜਿੱਤ ਤੋਂ ਬਾਅਦ ਬਾਬਰ ਦੀ ਜਿੱਤ ਨੇ ਲੋਧੀ ਖਾਨਦਾਨ ਦੇ ਰਾਜ ਦਾ ਅੰਤ ਕਰ ਦਿੱਤਾ।

2.2 ਲੋਧੀ ਸੁਲਤਾਨ, ਅਬਾਸੀ ਖਾਨਦਾਨ ਦੇ ਖਲੀਫ਼ਿਆਂ ਦੀ ਪ੍ਰਮੁੱਖਤਾ ਨੂੰ ਮੰਨਦੇ ਸਨ, ਅਤੇ ਆਪਣੇ ਆਪ ਨੂੰ ਉਸ ਦੇ ਨਾਇਬ ਦੇ ਤੌਰ ਤੇ ਦਰਸਾਉਂਦੇ ਸਨ। ਉਹ ਸੁੰਨੀ ਮੁਸਲਮਾਨ ਸਨ ਅਤੇ ਮੁਸ਼ਕਿਲ ਹਾਲਾਤਾਂ ਵਿੱਚ ਸੁੰਨੀ ਮੁਸਲਮਾਨਾਂ ਦੀ ਸਹਾਇਤਾ ਮੰਗ ਸਕਦੇ ਸਨ। ਸਿਕੰਦਰ ਲੋਧੀ ਨੇ ਕੁਝ ਮੰਦਿਰਾਂ ਨੂੰ ਤਬਾਹ ਕੀਤਾ, ਮੁਸਲਮਾਨਾਂ ਦੇ ਮਸ਼ਹੂਰ ਸ਼ਹੀਦ ਮਸੂਦ ਸਲਾਰ ਦੇ ਨੇਜ਼ੇ ਦਾ ਸਾਲਾਨਾ ਜਲੂਸ ਬੰਦ ਕੀਤਾ ਅਤੇ ਔਰਤਾ ਦਾ ਮੁਸਲਮਾਨ ਪੀਰਾਂ ਦੀਆਂ ਮਜ਼ਾਰਾਂ ਤੇ ਮੱਥਾ ਟੇਕਣਾ ਬੰਦ ਕਰ ਦਿੱਤਾ। ਮੌਲਵੀਆਂ ਦੇ ਦਬਾਅ ਹੇਠ ਉਸਨੇ ਉਸ ਬ੍ਰਾਹਮਣ ਨੂੰ, ਜੋ ਇਹ ਵਿਸ਼ਵਾਸ਼ ਰੱਖਦਾ ਸੀ ਕਿ ਉਨ੍ਹਾਂ ਦਾ ਧਰਮ ਉਤਨਾ ਹੀ ਸੱਚਾ ਹੈ ਜਿੰਨਾ ਕਿ ਇਸਲਾਮ, ਨੂੰ ਫਾਂਸੀ ਦੇਣ ਦੀ ਖੁੱਲ੍ਹ ਦੇ ਦਿੱਤੀ।

2.3 ਸਿਕੰਦਰ ਲੋਧੀ ਦਾ ਨਿਆਇਕ ਪ੍ਰਣਾਲੀ ਵਿੱਚ ਸੁਧਾਰ ਵੱਲ ਝੁਕਾਅ ਦਾ ਕਾਰਣ ਉਸਦੀ ਧਾਰਮਿਕ ਪ੍ਰਵਿਰਤੀ ਕਰਕੇ ਸੀ। ਉਸਦਾ ਨਿਆਇਕ ਪ੍ਰਣਾਲੀ ਵਿੱਚ ਵਿਸ਼ਵਾਸ਼ ਦਾ ਨਤੀਜਾ ਹੀ ਸੀ ਕਿ ਉਸਨੇ ਅਨੇਕ ਸ਼ਹਿਰਾਂ ਵਿੱਚ ਕਾਜ਼ੀ ਦੀਆਂ ਅਦਾਲਤਾਂ ਸਥਾਪਤ ਕੀਤੀਆਂ। ਜਿਸ ਵੀ ਕਸਬੇ ਜਾਂ ਸ਼ਹਿਰ ਵਿੱਚ ਮੁਸਲਮਾਨਾਂ ਦੀ ਚੋਖੀ ਆਬਾਦੀ ਹੁੰਦੀ ਸੀ, ਮੁਫਤੀ ਦੀ ਮਦਦ ਜਾਂ ਉਸ ਤੋਂ ਬਗੈਰ ਵੀ, ਸ਼ਰੀਅਤ ਕਾਨੂੰਨ ਮੁਤਾਬਿਕ ਨਿਆਂ ਕਰਦਾ ਸੀ। ਇਸ ਬਾਰੇ ਆਮ ਤੌਰ ਤੇ ਪਤਾ ਨਹੀਂ ਕਿ ਕਾਜ਼ੀ ਦੀ ਅਦਾਲਤ ਵਿਚ ਗ਼ੈਰ ਮੁਸਲਮਾਨਾਂ ਦੇ ਜਾਇਦਾਦ ਸਬੰਧੀ ਮੁਕੱਦਮੇ ਵੀ ਵਿਚਾਰੇ ਜਾਂਦੇ ਸਨ।



ਮੋਤੀ ਕੀ ਮਸਜਿਦ, ਜਿਸ ਨੂੰ ਸਿਕੰਦਰ ਲੋਧੀ ਦੇ ਰਾਜ ਵਿੱਚ ਉਸਦੇ ਇੱਕ ਮੰਤਰੀ ਨੇ ਬਣਾਇਆ ਸੀ

2.4 ਪਹਿਲੇ ਸੁਲਤਾਨਾਂ ਦੀ ਤਰ੍ਹਾਂ ਹੀ ਲੋਧੀ ਸੁਲਤਾਨਾਂ ਦੇ ਸਮੇਂ ਸਰਕਾਰੀ ਸਹਾਇਤਾ ਤੇ ਸਰਪ੍ਰਸਤੀ ਸਿਰਫ਼ ਮੁਸਲਮਾਨ ਵਿਦਵਾਨਾਂ ਅਤੇ ਸੂਫ਼ੀ ਸ਼ੇਖਾਂ ਨੂੰ ਹੀ ਨਕਦ ਵਜ਼ੀਫ਼ੇ ਜਾਂ ਮਾਲੀਆ ਮੁਕਤ ਜਗੀਰਾਂ ਦੀ ਸ਼ਕਲ ਵਿੱਚ, ਮਸੀਤਾਂ ਅਤੇ ਖ਼ਾਨਗਾਹਾਂ ਦੀ ਦੇਖ ਰੇਖ ਲਈ ਮਿਲਦੀ ਸੀ। ਇਹ ਸਰਪ੍ਰਸਤੀ ਹਜ਼ਰਤ ਮੁਹੰਮਦ ਦੇ ਵੰਸ਼ ਜਾਂ ਕਬੀਲੇ ਨਾਲ ਸਬੰਧਤ ਸਨ, ਨੂੰ ਵੀ ਮਿਲਦੀ ਸੀ। ਇਸਦੇ ਵਿਰੁਧ ਲੋਧੀ ਸੁਲਤਾਨਾਂ ਦੇ ਅਧੀਨ ਗ਼ੈਰ ਮੁਸਲਮਾਨ ਲੋਕਾਂ ਨੂੰ ਬਹੁਤ ਸਾਰੀਆਂ ਵਧੀਕੀਆਂ ਝੱਲਣੀਆਂ ਪੈਂਦੀਆਂ ਸਨ। ਉਨ੍ਹਾਂ ਨੂੰ ਆਪਣੀ ਰੱਖਿਆ ਲਈ ਸਰਕਾਰ ਨੂੰ ਜਜ਼ੀਆ ਨਾਂ ਦਾ ਕਰ ਦੇਣਾ ਪੈਂਦਾ ਸੀ। ਲੋਧੀ ਰਾਜ ਦੇ ਕੁਝ ਹਿੱਸਿਆਂ ਵਿੱਚ ਹਿੰਦੂਆਂ ਨੂੰ ਤੀਰਥ ਯਾਤਰਾ ਕਰ ਵੀ ਦੇਣਾ ਪੈਂਦਾ ਸੀ।

2.5 ਲੋਧੀ ਸੁਲਤਾਨਾਂ ਦੇ ਖੇਤਰਾਂ ਵਿੱਚ ਰਾਜਨੀਤਕ ਅਤੇ ਪ੍ਰਸ਼ਾਸਕੀ ਸ਼ਕਤੀ ਉੱਤੇ ਸਿਰਫ਼ ਮੁਸਲਮਾਨਾਂ ਦਾ ਵਿਸ਼ੇਸ਼ ਏਕਾ-ਅਧਿਕਾਰ ਸੀ। ਖਾਸ ਕਰਕੇ ਅਫ਼ਗਾਨ ਕਬੀਲਿਆਂ ਦੇ ਨੇਤਾ ਹੀ ਸਭ ਤੋਂ ਵੱਧ ਸ਼ਕਤੀਸ਼ਾਲੀ ਸਨ। ਅਸਲ ਵਿੱਚ ਸੁਲਤਾਨ ਵੀ ਰਾਜ ਸੱਤਾ ਦੇ ਵੱਡੇ ਹਿੱਸੇਦਾਰ ਉਹੀ ਸਨ। ਟਾਵਾਂ ਟਾਵਾਂ ਬਦਲੀਆਂ ਤੋਂ ਇਲਾਵਾ, ਉਹ ਆਪਣੇ ਆਪਣੇ ਆਪ ਨੂੰ ਅਧਿਕਾਰ ਖੇਤਰ ਦੇ ਖਾਨਦਾਨੀ ਮਾਲਿਕ ਸਮਝਦੇ ਸਨ।

2.6 ਲੋਧੀ ਸੁਲਤਾਨਾਂ ਦੀ ਮਾਲੀਆ ਪ੍ਰਬੰਧਕੀ ਪ੍ਰਣਾਲੀ ਵਿੱਚ ਹਿੰਦੂਆਂ ਦੀ ਭਰਵੀਂ ਹਿੱਸੇਦਾਰੀ ਸੀ, ਖ਼ਾਸ ਕਰਕੇ ਮੱਧ ਵਰਗ ਅਤੇ ਹੇਠਲੇ ਪੱਧਰ ਤੇ। ਪੰਜਾਬ ਦੇ ਬ੍ਰਾਹਮਣ ਤੇ ਖੱਤਰੀਆਂ ਨੂੰ ਫ਼ਾਰਸੀ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ। ਸਥਾਨਕ ਹਾਕਮ ਅਕਸਰ ਹਿੰਦੂ ਲੇਖਾਕਾਰ ਰੱਖਦੇ ਸਨ, ਅਤੇ ਉਹ ਹਿੰਦੂ ਕਾਨੂੰਗੋ, ਜੋ ਕਿ ਸਥਾਨਕ ਰੀਤੀ-ਰਿਵਾਜ਼ਾਂ, ਜਾਤੀਆਂ ਅਤੇ ਕਬੀਲਿਆਂ ਦੀ ਜਾਣਕਾਰੀ ਰੱਖਦੇ ਹੋਣ, ਨੂੰ ਰੋਜ਼ਗਾਰ ਦੇ ਵਧੇਰੇ ਅਵਸਰ ਮਿਲ ਜਾਂਦੇ ਸਨ। ਬਹੁਤੇ ਸਾਰੇ ਚੌਧਰੀ ਹਿੰਦੂ ਸਨ। ਸਾਰੇ ਗ਼ੈਰ ਮੁਸਲਮਾਨ ਪਿੰਡਾਂ ਦੇ ਮੁਕੱਦਮ (ਨੰਬਰਦਾਰ) ਹਿੰਦੂ ਸਨ। ਇਸੇ ਤਰ੍ਹਾਂ ਬਹੁਤ ਸਾਰੇ ਪਿੰਡਾਂ ਦੇ ਪਟਵਾਰੀ ਵੀ ਹਿੰਦੂ ਸਨ।

## 3. ਇਸਲਾਮੀ ਸਮਾਜ

3.1 ਸਰਕਾਰੀ ਪ੍ਰਬੰਧਕੀ ਢਾਂਚੇ ਵਿਚ ਪਦਧਾਰਕ, ਅਹਿਲਕਾਰ, ਖ਼ਾਨ ਅਤੇ ਮਲਿਕ ਆਦਿ ਲੋਧੀ ਸੁਲਤਾਨਾਂ ਤੋਂ ਬਾਅਦ ਸਭ ਤੋਂ ਵੱਧ ਮਹੱਤਵਪੂਰਨ ਸਨ। ਸੁਲਤਾਨਾਂ ਦੀ ਰੀਸ, ਉਹ ਵੀ ਬਹੁਤ ਐਸ਼-ਪ੍ਰਸਤੀ ਅਤੇ ਵਿਖਾਵੇ ਵਾਲੀ ਜ਼ਿੰਦਗੀ ਬਤੀਤ ਕਰਦੇ ਸਨ। ਉਹ ਆਪਣੀਆਂ ਫ਼ੌਜਾਂ, ਮਹਿਲਨੁਮਾ ਹਵੇਲੀਆਂ, ਹਰਮ, ਨਾਚ ਕਰਨ ਵਾਲੀਆਂ ਔਰਤਾਂ, ਰਖੇਲਾਂ, ਗੁਲਾਮ, ਗਾਇਕ ਅਤੇ ਹਸੰਦੜ ਚੁਟਕਲੇ ਬਾਜ਼ ਰੱਖਦੇ ਸਨ। ਆਪਣਾ ਧਾਰਮਿਕ ਵਿਸ਼ਵਾਸ਼ ਦਿਖਾਣ ਲਈ ਉਹ ਮਸੀਤਾਂ ਬਣਵਾਉਂਦੇ; ਅਤੇ ਉਲੇਮਾ (ਮੌਲਵੀਆਂ ਦੀ ਜਮਾਤ) ਦੀ ਸਰਪ੍ਰਸਤੀਕ ਰਦੇ ਅਤੇ ਧਾਰਮਿਕ ਵਿਅੱਕਤੀਆਂ ਨੂੰ ਸਿਜਦਾ ਵੀ ਕਰਦੇ ਸਨ।

3.2 ਉਲੇਮਾ (ਇਸਲਾਮ ਦੇ ਵਿਦਵਾਨ), ਮੱਧਿਅਮ ਵਰਗ ਦਾ ਬਹੁਤ ਮਹੱਤਵਪੂਰਨ ਹਿੱਸਾ ਸਨ। ਨਿਆਇਕ ਪ੍ਰਸ਼ਾਸਨ ਦੇ ਸੰਚਾਲਣ ਤੋਂ ਬਿਨਾਂ ਸਮੂਹਿਕ ਇੱਕਠਾਂ ਅਤੇ ਰਿਵਾਇਤੀ ਸਿੱਖਿਆ ਨਾਲ ਸ਼ਰੀਅਤ ਦੀ ਰਾਖੀ

ਕਰਨਾ ਵੀ ਉਨ੍ਹਾਂ ਦੀ ਜ਼ਿੰਮੇਦਾਰੀ ਸੀ। ਉੱਚ ਸਿੱਖਿਆ ਦੇ ਤਿੰਨ ਮੁੱਖ ਵਿਸ਼ੇ ਸਨ: ਕੁਰਾਨ ਦੀ ਵਿਆਖਿਆ (ਤਫ਼ਸੀਰ), ਹਜ਼ਰਤ ਮੁਹੰਮਦ ਦੇ ਰਵਾਇਤੀ ਕਥਨ (ਹਦੀਸ), ਅਤੇ ਇਸਲਾਮੀ ਕਾਨੂੰਨ। ਮੁਸਲਮਾਨ ਸਮਾਜ ਦੇ ਸਾਰੇ ਹੀ ਫਿਰਕੇ ਸੂਫ਼ੀ ਸ਼ੇਖਾਂ ਨੂੰ ਬਹੁਤ ਇੱਜ਼ਤ ਦਿੰਦੇ ਸਨ। ਸ਼ੇਖਾਂ ਅਤੇ ਪੀਰਾਂ ਦੇ ਉੱਤਰ ਅਧਿਕਾਰੀ, ਜਿਨ੍ਹਾਂ ਨੂੰ ਸ਼ੇਖਜ਼ਾਦੇ ਅਤੇ ਪੀਰਜ਼ਾਦੇ ਕਿਹਾ ਜਾਂਦਾ ਸੀ, ਨੂੰ ਵੀ ਬਹੁਤ ਇੱਜ਼ਤ ਮਿਲਦੀ ਸੀ, ਅਤੇ ਉਹ ਬਹੁਤ ਆਰਥਿਕ ਸਾਧਨਾਂ ਦੇ ਮਾਲਿਕ ਹੁੰਦੇ ਸਨ। ਸਈਅਦਾਂ ਦੀ ਵੀ ਬਹੁਤ ਇੱਜ਼ਤ ਸੀ ਅਤੇ ਉਨ੍ਹਾਂ ਦਾ ਸਮਾਜਿਕ ਰੁਤਬਾ ਅਫ਼ਗਾਨਾਂ ਵੱਲੋਂ ਸਥਾਪਤ ਕੀਤਾ ਗਿਆ ਸੀ। ਉਨ੍ਹਾਂ ਤੋਂ ਬਾਅਦ ਵਿਦਵਾਨ, ਸਿਪਾਹੀ, ਮੁਨਸ਼ੀ, ਵਪਾਰੀ, ਦੁਕਾਨਦਾਰ, ਵੈਦ, ਵਿਗਿਆਨੀ ਅਤੇ ਸਾਹਿਤਕਾਰ ਮੁਸਲਮਾਨ ਆਉਂਦੇ ਸਨ।

3.3 ਇਨ੍ਹਾਂ ਤੋਂ ਬਾਅਦ ਦਸਤਕਾਰ, ਹਸਤਕਾਰ, ਰਾਜ ਮਿਸਤਰੀ, ਲੁਹਾਰ, ਲਲਾਰੀ, ਜੁਲਾਹੇ, ਮੋਚੀ, ਤੇਲੀ ਅਤੇ ਝੀਵਰ ਸਨ। ਗੁਲਾਮ ਮੰਡੀ ਵਿੱਚ ਵਪਾਰ ਦਾ ਇੱਕ ਮਹੱਤਵਪੂਰਨ ਵਸਤੂ ਸਨ ਅਤੇ ਗੁਲਾਮੀ ਦੀ ਸੰਸਥਾ ਭਾਰਤ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਮੁਸਲਮਾਨ ਸਮਾਜ ਦਾ ਅਨਿੱਖੜਵਾਂ ਅੰਗ ਸੀ।

3.4 ਪੰਜਾਬ ਦੇ ਕਸਬੇ ਤੇ ਸ਼ਹਿਰ ਮੁਸਲਮਾਨ ਸਭਿਆਚਾਰ ਅਤੇ ਕਾਰਗੁਜ਼ਾਰੀ ਦੇ ਕੇਂਦਰ ਬਿੰਦੂ ਸਨ। ਲਾਹੌਰ, ਮੁਲਤਾਨ, ਤੁਲੰਬਾ, ਅਜੋਧਨ, ਜਲੰਧਰ, ਸੁਲਤਾਨਪੁਰ, ਸਰਹਿੰਦ, ਥਾਨੇਸਰ, ਪਾਣੀਪੱਤ ਅਤੇ ਸਮਾਣਾ ਆਦਿ ਸ਼ਹਿਰ ਵਿਦਵਾਨਾਂ ਕਰਕੇ ਜਾਣੇ ਜਾਂਦੇ ਸਨ। ਸਮੁੱਚੇ ਤੌਰ ਤੇ ਧਰਮ ਅਧਿਐਨ ਹੀ ਕੀਤਾ ਜਾਂਦਾ ਸੀ, ਪਰ ਉਹ ਦਵਾ-ਦਾਰੂ,ਖਗੋਲ ਅਤੇ ਗਣਿਤ ਵਰਗੇ ਗਿਆਨ ਖੇਤਰਾਂ ਵਿਚ ਵੀ ਪ੍ਰਬੀਨ ਸਨ।

3.5 ਜਿਨ੍ਹਾਂ ਮੁਸਲਮਾਨਾਂ ਨੇ ਆਪਣੇ ਵਿਚਾਰ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ, ਉਨ੍ਹਾਂ ਨੇ ਆਮ ਲੋਕਾਂ ਦੀ ਬੋਲੀ ਬੋਲਣੀ ਸ਼ੁਰੂ ਕਰ ਦਿੱਤੀ। ਸੂਫ਼ੀਆਂ ਨੇ ਆਮ ਲੋਕਾਂ ਦੀ ਬੋਲੀ ਅਪਣਾਅ ਲਈ; ਜਿਨ੍ਹਾਂ ਵਿਚ ਉਹ ਵਿਚਰਦੇ ਅਤੇ ਕੰਮ ਕਰਦੇ ਸਨ। ਸੱਚ ਤਾਂ ਇਹ ਹੈ ਕਿ ਸ਼ੇਖ ਫਰੀਦ ਸ਼ੱਕਰਗੰਜ, ਜੋ ਬਾਬਾ ਫਰੀਦ ਦੇ ਨਾਂ ਨਾਲ ਜਾਣੇ ਜਾਂਦੇ ਹਨ, ਤੇਹਰਵੀਂ ਸਦੀ ਦੇ ਮੁੱਢ ਵਿੱਚ ਉਨ੍ਹਾਂ ਨੇ ਆਪਣੇ ਦੋਹੇ ਪੰਜਾਬੀ ਵਿੱਚ ਲਿਖੇ ਜਿਸ ਨਾਲ ਉਨ੍ਹਾਂ ਦੇ ਵਿਚਾਰ ਪੰਜਾਬ ਦੇ ਲੋਕਾਂ ਤੱਕ ਪਹੁੰਚੇ। ਉਸ ਸਮੇਂ ਪੰਜਾਬੀ ਵਿਚ ਬੀਰ ਗਾਥਾ ਅਤੇ ਪਿਆਰ ਦੇ ਕਿੱਸੇ ਜ਼ੁਬਾਨੀ ਗਾਣ ਦੀ ਪ੍ਰਥਾ ਪ੍ਰਚਲਤ ਸੀ। ਇਹ ਪੰਜਾਬੀ ਸਹਿਤਕ ਬੋਲੀ ਦੀ ਸ਼ੁਰੂਆਤ ਸੀ।

## 4. ਹਿੰਦੂ ਸਮਾਜ

4.1 ਲੋਧੀ ਰਾਜ ਦੇ ਬਾਕੀ ਖੇਤਰਾਂ ਵਾਂਗ ਪੰਜਾਬ ਦੇ ਪੱਛਮੀ ਹਿੱਸੇ ਨੂੰ ਛੱਡਕੇ, ਪੰਜਾਬ ਵਿੱਚ ਹਿੰਦੂਆਂ ਦੀ ਗਿਣਤੀ ਮੁਸਲਮਾਨਾਂ ਨਾਲੋਂ ਵਧੇਰੇ ਸੀ। ਹਿੰਦੂ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਤੋਂ ਇਲਾਵਾ ਪਿੰਡਾਂ ਵਿੱਚ ਵੀ ਵਸਦੇ ਸਨ। ਜਿਹੜੇ ਕਸਬੇ ਅਫਗਾਨ ਹਾਕਮਾਂ ਨੇ ਵਸਾਏ ਸਨ, ਉਨ੍ਹਾਂ ਵਿੱਚ ਵੀ ਹਿੰਦੂਆਂ ਦੀ ਗਿਣਤੀ ਕਾਫੀ ਸੀ। ਪੇਂਡੂ ਇਲਾਕਿਆਂ ਵਿੱਚ, ਸਿਰਫ਼ ਉਨ੍ਹਾਂ ਪਿੰਡਾਂ ਨੂੰ ਛੱਡਕੇ ਜਿਥੇ ਪੂਰੇ ਦੇ ਪੂਰੇ ਕਬੀਲੇ ਜਾਂ ਸਮੂਹ ਨੇ ਇਸਲਾਮ ਕਬੂਲ ਕਰ ਲਿਆ ਸੀ, ਹਿੰਦੂ ਬਹੁਗਿਣਤੀ ਵਿੱਚ ਸਨ।

4.2 ਤੁਰਕ ਅਤੇ ਅਫ਼ਗਾਨ ਰਾਜ ਦੀਆਂ ਪੰਜ ਸਦੀਆਂ ਤੋਂ ਬਾਅਦ, ਹਿੰਦੂ ਆਬਾਦੀ ਦੇ ਹਾਲਾਤ ਬਹੁਤ ਬਦਲ ਗਏ ਸਨ। ਰਾਜਪੂਤਾਂ ਦੀ ਹਾਕਮ ਜਮਾਤ ਨੂੰ ਰਾਜ-ਸ਼ਕਤੀ ਤੋਂ ਪੂਰੀ ਤਰ੍ਹਾਂ ਵਾਂਝਿਆਂ ਕਰ ਦਿੱਤਾ ਸੀ। ਜਿਹੜੇ ਹਿੰਦੂ ਪੰਜਾਬ ਵਿਚ ਰਹਿ ਗਏ ਜਿਨ੍ਹਾਂ ਨੂੰ ਰਾਏ ਕਿਹਾ ਜਾਂਦਾ ਸੀ, ਉਨ੍ਹਾਂ ਨੂੰ ਸਰਕਾਰ ਵਲੋਂ ਮਾਮਲੇ ਦੀ ਗੁਰਾਹੀ ਕਰਨ ਲੱਗ ਪਏ। ਲੋਧੀ ਸੁਲਤਾਨਾਂ ਦੇ ਅਧੀਨ ਕੁੱਝ ਖੇਤਰਾਂ ਵਿਚ ਉਨ੍ਹਾਂ ਦਾ ਸਥਾਨਕ ਦਰਜ਼ੇ ਦਾ ਪ੍ਰਭਾਵ ਸੀ। ਰਾਜਪੂਤ ਰਾਜਿਆਂ ਦੀ ਰਾਜਸੀ ਤਾਕਤ ਖ਼ਤਮ ਹੋਣ ਨਾਲ ਬ੍ਰਾਹਮਣਾਂ ਦੀ ਰਵਾਇਤੀ ਸਰਪ੍ਰਸਤੀ ਵੀ ਖ਼ਤਮ ਹੋ ਗਈ। ਉਹ ਹੁਣ ਵਿਅੱਕਤੀਗਤ ਟੱਬਰਾਂ ਜਾਂ ਰਿਵਾਇਤੀ ਪਰਿਵਾਰਿਕ ਪਾਂਧੇ ਬਣ ਕੇ ਰਹਿ ਗਏ ਸਨ। ਜੋ ਵੱਖ ਵੱਖ ਧਾਰਮਿਕ ਰੀਤੀਆਂ ਨਿਭਾਉਂਦੇ, ਮੰਦਿਰਾਂ ਦਾ ਰੱਖ-ਰਖਾਵ ਕਰਦੇ ਅਤੇ ਪਾਠਸ਼ਾਲਾਵਾਂ ਵਿੱਚ ਪੜ੍ਹਾਉਂਦੇ। ਬ੍ਰਾਹਮਣ ਧਾਰਮਿਕ ਗਰੰਥਾਂ ਦਾ ਪ੍ਰਚਾਰ ਹੇਠਲੇ ਪੱਧਰ ਦੇ ਤਬਕੇ ਵਿੱਚ ਕਰਨ ਲੱਗੇ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਬ੍ਰਾਹਮਣ ਧਰਮ ਅਧਿਐਨ ਅਤੇ ਧਰਮ ਨਿਰਪੇਖ ਦੇਵਿਸ਼ਿਆਂ ਵਿੱਚ ਵੀ ਦਿਲਚਸਪੀ ਲੈਣ ਲੱਗੇ। ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਵਪਾਰ, ਸ਼ਾਹੂਕਾਰੀ ਖੇਤੀ ਵਰਗੇ ਕਿੱਤੇ ਅਤੇ ਕੁੱਝ ਨੇ ਛੋਟੀ ਮੋਟੀ ਨੌਕਰੀ ਵੀ ਕਰਨੀ ਸ਼ੁਰੂ ਕਰ ਦਿੱਤੀ। ਉਹ ਰੀਤੀ-ਰਿਵਾਜ਼ਾਂ ਜਾਂ ਰਸਮਾਂ, ਚਾਹੇ ਉਹ ਵਿਅੱਤੀਗਤ, ਸਮਾਜਿਕ ਜਾਂ ਧਾਰਮਿਕ ਹੋਣ, ਵਿੱਚ ਅਤਿ ਸਾਵਧਾਨ ਰਹਿੰਦੇ ਸੀ।

4.3 ਸਮਾਜਿਕ ਖੇਤਰ ਵਿੱਚ ਬ੍ਰਾਹਮਣਾਂ ਦੀ ਮਹੱਤਤਾ ਖੱਤਰੀਆਂ ਨਾਲੋਂ ਘੱਟ ਸੀ। ਖੱਤਰੀਆਂ ਨੇ ਲੋਧੀ ਸੁਲਤਾਨਾਂ ਦੀ ਪ੍ਰਸ਼ਾਸਨ/ਸੰਚਾਲਨ ਤੋਂ ਇਲਾਵਾ ਵਪਾਰ ਅਤੇ ਸ਼ਾਹੂਕਾਰੀ ਕਰਨ ਲੱਗ ਪਏ ਸੀ। ਸ਼ਾਹੂਕਾਰ ਅਤੇ ਵਪਾਰੀਆਂ ਦੇ ਤੌਰ ਤੇ ਉਨ੍ਹਾਂ ਨੇ ਮੋਟੇ ਲਾਭ ਕਮਾਏ ਅਤੇ ਇਸ ਆਮਦਨੀ ਨਾਲ ਜ਼ਮੀਨ-ਜ਼ਾਇਦਾਦ ਖਰੀਦੀ। ਸ਼ਾਇਦ ਚੌਧਵੀਂ ਸਦੀ ਵਿੱਚ ਵਪਾਰ ਦੇ ਇਸ ਵਾਧੇ ਨਾਲ ਉਨ੍ਹਾਂ ਨੂੰ ਸਭ ਤੋਂ ਵੱਧ ਲਾਭ ਹੋਇਆ, ਅਤੇ ਇਹ ਪੰਦਰਵੀਂ ਸਦੀ ਤੱਕ ਚਲਦਾ ਰਿਹਾ। ਜਮਾਤੀ ਤੌਰ ਤੇ ਖੱਤਰੀਆਂ ਨੇ ਪਿੰਡਾਂ ਵਿੱਚ ਵੀ ਦੁਕਾਨਦਾਰੀ ਅਤੇ ਸ਼ਾਹੂਕਾਰੀ ਕਰਨ ਤੋਂ ਮੂੰਹ ਨਹੀਂ ਮੋੜਿਆ। ਉਹ ਆਪਣੇ ਕਸ਼ਤਰੀ ਹੋਣ ਦੀ ਪਹਿਚਾਣ ਅਤੇ ਹੋਂਦ ਤੋਂ, ਜੋ ਕਿ ਰਾਜਪੂਤਾਂ ਤੋਂ ਨਿਸ਼ਚੇ ਹੀ ਪੁਰਾਣੀ ਸੀ, ਵਿੱਚ ਬਹੁਤ ਫਖ਼ਰ ਮਹਿਸੂਸ ਕਰਦੇ ਸਨ।

4.4 ਪੇਂਡੂ ਇਲਾਕਿਆਂ ਵਿੱਚ ਜੱਟਾਂ ਦੀ ਬਹੁ-ਗਿਣਤੀ ਸੀ, ਖ਼ਾਸ ਕਰਕੇ ਉੱਪਰੀ ਰਚਨਾਂ ਅਤੇ ਬਾਰੀ ਦੁਆਬ, ਬਿਮਤ ਜਲੰਧਰ ਦੁਆਬ, ਸੱਤਲੁਜ ਅਤੇ ਜਮੁਨਾ ਦੇ ਵਿਚਕਾਰ ਦੇ ਇਲਾਕਿਆਂ ਵਿੱਚ। ਉਨ੍ਹਾਂ ਦੇ ਆਪਣੇ ਚੌਧਰੀ ਅਤੇ ਮੁਕੱਦਮ (ਨੰਬਰਦਾਰ) ਸਨ, ਜਿਨ੍ਹਾਂ ਵਿੱਚੋਂ ਬਹੁਤੇ ਸਰਕਾਰ ਅਤੇ ਕਾਸ਼ਤਕਾਰਾਂ ਵਿੱਚ ਵਿਚੋਲੀਏ ਸਨ। ਜੱਟਾਂ ਵਿਚੋਂ ਬਹੁ-ਗਿਣਤੀ ਸਧਾਰਨ ਕਾਸ਼ਤਕਾਰਾਂ ਦੀ ਹੀ ਸੀ।

4.5 ਜ਼ਮੀਨੀ ਕਾਸ਼ਤਕਾਰਾਂ ਨੂੰ ਪਿੰਡ ਵਿੱਚ ਹੋਰ ਬਹੁਤ ਸ਼੍ਰੇਣੀਆਂ ਦੀ ਸੇਵਾਵਾਂ ਦੀ ਜ਼ਰੂਰਤ ਹੁੰਦੀ ਸੀ। ਉਨ੍ਹਾਂ ਨੂੰ ਤਰਖਾਣ, ਮੋਚੀ, ਘੁਮਿਆਰ ਅਤੇ ਕਾਸ਼ਤਕਾਰੀ ਖੇਤੀ ਮਜ਼ਦੂਰਾਂ ਦੀ ਲੋੜ ਪੈਂਦੀ ਸੀ। ਆਪਣੀ ਸਮਾਜਿਕ ਜ਼ਿੰਦਗੀ ਦੇ ਪ੍ਰਵਾਹ ਲਈ ਹੋਰ ਕਾਮਿਆਂ ਦੀਆਂ ਸੇਵਾਵਾਂ ਦੀ ਜ਼ਰੂਰਤ ਵੀ ਰਹਿੰਦੀ ਸੀ, ਜਿਵੇਂ ਕਿ ਝੀਵਰ ਅਤੇ ਨਾਈ ਜੋ ਇੱਕ ਤੋਂ ਵੱਧ ਕੰਮ ਕਰ ਸਕਦੇ ਸਨ। ਇਸੇ ਤਰ੍ਹਾਂ ਕੁਝ ਹੋਰ ਸ਼੍ਰੇਣੀਆਂ ਸਨ ਜਿਨ੍ਹਾਂ ਦੀ ਗਿਣਤੀ ਵੱਖ ਵੱਖ ਪਿੰਡਾਂ

ਵਿੱਚ ਵੱਖ ਸੀ। ਜਿਵੇਂ ਕਿ ਇੱਕ ਪਿੰਡ ਵਿੱਚ ਕੁਝ ਜੁਲਾਹੇ, ਕਿਸੇ ਵਿਚ ਇੱਕ ਜਾਂ ਦੋ ਸੁਨਿਆਰ; ਕਿਸੇ ਹੋਰ ਪਿੰਡ ਵਿੱਚ ਕੁਝ ਮੋਚੀ ਅਤੇ ਕਿਸੇ ਵਿੱਚ ਕੁਝ ਤੇਲੀ ਹੋ ਸਕਦੇ ਸਨ। ਇਸੇ ਤਰ੍ਹਾਂ ਸ਼ਰਾਬ ਕੱਢਣ ਵਾਲਾ, ਭੱਟ, ਗਾਇਕ, ਲਲਾਰੀ ਜਾਂ ਇੱਕ ਦੋ ਦਰਜ਼ੀ ਕਈ ਪਿੰਡਾਂ ਵਿੱਚ ਮਿਲ ਸਕਦੇ ਸਨ।

4.6 ਪੰਦਰਵੀਂ ਸਦੀ ਵਿੱਚ ਪੰਜਾਬ ਦੇ ਹਿੰਦੂ, ਜਾਤ-ਪਾਤ ਦੇ ਚਾਰ ਵਰਣਾਂ ਦੇ ਖਾਕੇ ਅਨੁਸਾਰ ਪੂਰੇ ਨਹੀਂ ਸਨ। ਗਿਆਰਵੀਂ ਸਦੀ ਵਿੱਚ ਅਲਬਰੂਨੀ ਨੇ ਦੇਖਿਆ ਕਿ ਕਹਿਣ ਨੂੰ ਤਾਂ ਹਿੰਦੂਆਂ ਵਿੱਚ ਜਾਤਾਂ ਦੇ ਆਧਾਰ ਤੇ ਚਾਰ ਵਰਣ ਸਨ, ਪਰ ਉਨ੍ਹਾਂ ਤੇ ਨੀਚੇ ਕਈ ਕਿੱਤਿਆਂ ਅਤੇ ਦਸਤਕਾਰੀ ਨਾਲ ਸਬੰਧਤ ਕਈ ਸਮੂਹ ਸਨ, ਜਿਵੇਂ ਕਿ ਮੋਚੀ, ਜੁਲਾਹਾ, ਧੋਬੀ, ਟੋਕਰੀ ਬੁਣਨ ਵਾਲੇ, ਮਛੇਰੇ, ਮਲਾਹ, ਸ਼ਿਕਾਰੀ ਅਤੇ ਬਾਜ਼ੀਗਰ ਆਦਿ ਵੀ ਸਨ। ਵਾਸਤਵ ਵਿੱਚ ਪੰਦਰਵੀਂ ਸਦੀ ਵਿੱਚ, ਪੰਜਾਬ ਵਿੱਚ ਕੋਈ ਵੀ ਕਸ਼ੱਤਰੀ ਨਹੀਂ ਸੀ। ਬ੍ਰਾਹਮਣ ਜਾਤ ਇਸ ਸਮੇਂ ਤਕ ਸਭ ਤੋਂ ਮਹੱਤਵਪੂਰਨ ਅਤੇ ਉੱਚੀ ਨਹੀਂ ਰਹੀ ਸੀ। ਫਿਰ ਵੀ ਜਾਤ-ਪਾਤ ਦੀ ਵਰਣ ਵੰਡ ਦਾ ਸਿਧਾਂਤ ਮਹੱਤਤਾ ਰੱਖਦਾ ਸੀ। ਰਾਜਪੂਤ, ਖੱਤਰੀ ਅਤੇ ਬ੍ਰਾਹਮਣ ਆਪਣੇ ਉੱਚੇ ਪਿਛੋਕੜ ਦਾ ਬਹੁਤ ਮਾਣ ਸਮਝਦੇ ਸਨ; ਆਪਣੇ ਆਪ ਨੂੰ ਸਮਾਜਿਕ ਤੌਰ ਤੇ ਬਾਕੀ ਹਿੰਦੂ ਆਬਾਦੀ ਨਾਲੋਂ ਉੱਤਮ ਮੰਨਦੇ ਸਨ।

4.7 ਕੁਝ ਰਿਵਾਇਤੀ ਵਿਗਿਆਨਾਂ ਨੂੰ ਬ੍ਰਾਹਮਣਾਂ ਅਤੇ ਖੱਤਰੀਆਂ ਨੇ ਪ੍ਰਚਲਿਤ ਕੀਤਾ। ਵੇਦ, ਉਪਨਿਸ਼ਦ ਅਤੇ ਪੁਰਾਣਾਂ ਦਾ ਅਧਿਐਨ ਹਿੰਦੂ ਗਿਆਨ ਦਾ ਬਹੁਤ ਮਹੱਤਵਪੂਰਨ ਹਿੱਸਾ ਸੀ। ਖੱਤਰੀ ਅਤੇ ਬ੍ਰਾਹਮਣਾਂ ਨੇ ਗਣਿਤ, ਖ਼ਗੋਲ, ਸਿਹਤ-ਵਿਗਿਆਨ, ਵਿਆਕਰਣ ਅਤੇ ਛੰਦ-ਸ਼ਾਸਤਰ ਆਦਿ ਗਿਆਨ ਦੀਆਂ ਸ਼ਾਖਾਵਾਂ ਦਾ ਅਧਿਐਨ ਵੀ ਕੀਤਾ। ਕਾਨੂੰਨ ਅਤੇ ਨਿਆਇ, ਸ਼ਿਲਪਕਾਰੀ, ਸੰਗੀਤ, ਜਿਉਤਿਸ਼, ਹੱਥ ਪੜ੍ਹਨਾ ਅਤੇ ਜਾਦੂ ਵੱਲ ਵੀ ਉਨ੍ਹਾਂ ਦਾ ਰੁਝਾਨ ਸੀ। ਵਿਦਵਾਨ, ਜ਼ਿਆਦਾਤਰ ਕਸਬਿਆਂ ਅਤੇ ਸ਼ਹਿਰਾਂ ਵਿੱਚ ਹੀ ਰਹਿੰਦੇ ਸਨ।

4.8 ਰਾਜਪੂਤ, ਖੱਤਰੀ ਅਤੇ ਬ੍ਰਾਹਮਣਾਂ ਵਿੱਚ ਔਰਤਾਂ ਨੂੰ ਬੇਟੀ, ਬਹੂ ਅਤੇ ਮਾਂ ਦੇ ਦਰਜ਼ੇ ਨਾਲ ਸਤਿਕਾਰ ਦਿੱਤਾ ਜਾਂਦਾ ਸੀ, ਪਰ ਸਾਫ਼ ਤੌਰ ਤੇ ਉਨ੍ਹਾਂ ਦਾ ਦਰਜ਼ਾ ਆਦਮੀ ਨਾਲੋਂ ਨੀਵਾਂ ਰਹਿੰਦਾ ਸੀ। ਜੋ ਔਰਤ ਬੇਔਲਾਦ ਹੁੰਦੀ ਸੀ ਉਸ ਤੋਂ ਆਸ ਰੱਖੀ ਜਾਂਦੀ ਸੀ ਕਿ ਆਪਣੇ ਮਰਨ ਵਾਲੇ ਪਤੀ ਦੀ ਅਰਥੀ ਤੇ ਜ਼ਿੰਦਾ ਜਲ ਕੇ ਸਤੀ ਹੋਏ; ਅਤੇ ਜੋ ਔਰਤ ਅਜਿਹਾ ਨਹੀਂ ਕਰਦੀ ਸੀ ਉਸ ਨਾਲ ਉਸਦੀ ਬਾਕੀ ਰਹਿੰਦੀ ਜ਼ਿੰਦਗੀ ਬਦਸਲੂਕੀ ਕੀਤੀ ਜਾਂਦੀ ਸੀ। ਵਿਧਵਾ ਨੂੰ ਕਿਸੇ ਵੀ ਹਾਲਤ ਵਿਚ ਦੁਬਾਰਾ ਵਿਆਹ ਕਰਵਾਉਣ ਦੀ ਇਜ਼ਾਜਤ ਨਹੀਂ ਸੀ। ਕੁਆਰੇਪਣ ਦੀ ਸ਼ੁੱਧਤਾ, ਬਾਲ-ਵਿਵਾਹ ਦਾ ਮੂਲ ਸਿਧਾਂਤ ਸੀ। ਤੁਰਕਾਂ ਦੇ ਆਗਮਣ ਤੋਂ ਪਹਿਲਾਂ ਇਹ ਸਾਰੇ ਰੀਤੀ-ਰਿਵਾਜ਼ ਉੱਤਰੀ ਭਾਰਤ ਵਿੱਚ ਪ੍ਰਚਲਿਤ ਸਨ।

## 5. ਇਸਲਾਮ

5.1 ਰਸਮੀ ਤੌਰ ਤੇ ਸਾਰੇ ਮੁਸਲਮਾਨਾਂ ਨੂੰ ਇਹ ਵਿਸ਼ਵਾਸ਼ ਸੀ ਕਿ ਸਿਰਫ਼ ‘ਅੱਲਾ’ ਇੱਕੋ ਇੱਕ ਪ੍ਰਮਾਤਮਾ ਹੈ ਅਤੇ ਹਜ਼ਰਤ ਮੁਹੰਮਦ ਉਸਦਾ ਰਸੂਲ (ਸੁਨੇਹਾ ਲਿਆਉਣ ਵਾਲਾ) ਹੈ। ਤੁਰਕਾਂ ਦੇ ਪੰਜਾਬ ਵਿੱਚ ਆਉਣ ਤੋਂ ਪਹਿਲਾਂ

ਹੀ ਮੁਸਲਮਾਨਾਂ ਵਿੱਚ ਫਿਰਕੂ ਵੰਡ ਪੈ ਚੁੱਕੀ ਸੀ। ਉਨ੍ਹਾਂ ਦੇ ਦੋ ਪੁਰਾਣੇ ਫਿਰਕੇ, ਸੁੰਨੀ ਅਤੇ ਸ਼ੀਆ, ਪਹਿਚਾਨਣੇ ਆਸਾਨ ਸਨ। ਸੂਫ਼ੀਆਂ ਨੇ ਇਸਲਾਮ ਦੀ ਇੱਕ ਅਲੱਗ ਸਮਾਂਨਾਂਤਰ ਵਿਆਖਿਆ ਪਰਚਾਰੀ, ਇਨ੍ਹਾਂ ਸਾਰੇ ਫਿਰਕਿਆਂ ਵਿੱਚੋਂ ਸੁੰਨੀ ਅਤੇ ਸੂਫ਼ੀ ਸਭ ਤੋਂ ਵੱਧ ਮਹੱਤਵਪੂਰਨ ਸਨ।

5.2 ਸੁੰਨੀ ਉਲੇਮਾ (ਮੁਸਲਮਾਨ ਵਿਦਵਾਨ ਲੋਕ) ਨੇ ਪ੍ਰਮਾਤਮਾ ਸਿਰਫ਼ ਇੱਕੋ ਇੱਕ ਹੋਣ ਦੇ ਸਿਧਾਂਤ ਨੂੰ ਮੰਨਿਆ ਅਤੇ ਪ੍ਰਚਾਰਿਆ। 'ਅੱਲਾ' ਮਾਨਵ ਨੂੰ ਭਟਕਾਂਦਾ ਹੈ ਅਤੇ 'ਓਹੀ' ਉਸ ਨੂੰ ਸਿੱਧਾ ਰਸਤਾ ਦਿਖਾਉਂਦਾ ਹੈ।ਸੁੰਨੀ ਇਹ ਵਿਸ਼ਵਾਸ਼ ਰੱਖਦੇ ਹਨ ਕਿ ਹਜ਼ਰਤ ਮੁਹੰਮਦ ਅੱਲਾ ਦੇ ਆਖ਼ਰੀ ਰਸੂਲ ਹਨ ਅਤੇ ਕੁਰਾਨ ਅਸਲ ਵਿੱਚ ਅੱਲਾ ਦੀ ਉਚੇਰੀ ਬਾਣੀ ਹੈ। ਉਹ ਫਰਿਸ਼ਤਿਆਂ, ਕਿਆਮਤ ਦੇ ਦਿਨ, ਸਵੱਰਗ ਅਤੇ ਨਰਕ ਵਿੱਚ ਵਿਸ਼ਵਾਸ਼ ਰੱਖਦੇ ਹਨ। ਉਹ ਪਹਿਲੇ ਚਾਰ ਖ਼ਲੀਫ਼ਿਆਂ ਨੂੰ ਬਰਾਬਰ ਦਾ ਦਰਜ਼ਾ ਅਤੇ ਇੱਜ਼ਤ ਦਿੰਦੇ ਸਨ।

5.3 ਸੁੰਨੀਆਂ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਮਕਸਦ ਇੰਨੀ ਕੁ ਧਾਰਮਿਕ ਕਮਾਈ ਕਰਨਾ ਹੈ ਕਿ ਉਹ ਸਵਰਗ (ਬਹਿਸ਼ਤ) ਵਿਚ ਦਾਖਲ ਹੋ ਸਕਣ। ਸਵੱਰਗ ਦਾ ਰਸਤਾ ਸ਼ੁੱਧ ਆਚਰਣ ਅਤੇ ਸ਼ੁੱਧ ਵਿਸ਼ਵਾਸ਼ ਨਾਲ ਖੁੱਲ੍ਹਦਾ ਹੈ। ਚਾਰ ਕਿਰਿਆਵਾਂ ਜਿਹੜੀਆਂ ਪਵਿੱਤਰਤਾ ਨੂੰ ਪਕਾਉਂਦੀਆਂ ਹਨ: ਹਰ ਰੋਜ਼ ਪੰਜ ਵਾਰ ਨਵਾਜ਼ ਪੜ੍ਹਨਾ, ਰਮਜ਼ਾਨ ਦੇ ਮਹੀਨੇ ਹਰ ਰੋਜ਼ ਰੋਜ਼ਾ (ਵਰਤ) ਰੱਖਣਾ, ਮੱਕੇ ਹੱਜ ਲਈ ਜਾਣਾ ਅਤੇ ਮੁਸਲਮਾਨ ਭਰਾਵਾਂ ਨੂੰ ਦਾਨ (ਜ਼ਕਾਤ) ਦੇਣਾ। ਇਹ ਸਾਰੀਆਂ ਮਰਿਆਦਾਵਾਂ ਸਿਰਫ਼ ਦਿਖਾਵੇ ਲਈ ਰਹਿ ਗਈਆਂ ਸਨ ਅਤੇ ਇਨ੍ਹਾਂ ਵਿੱਚ ਕੋਈ ਧਾਰਮਿਕ ਸ਼ਰਧਾ ਨਹੀਂ ਸੀ। ਬਹੁ-ਗਿਣਤੀ ਵਿੱਚ ਮੁਸਲਮਾਨ ਰਮਜ਼ਾਨ ਦੇ ਮਹੀਨੇ ਰੋਜ਼ੇ ਅਤੇ ਰੋਜ਼ਾਨਾ ਪੰਜ ਨਮਾਜ਼ਾਂ ਹੀ ਪੜ੍ਹਦੇ ਸਨ।

5.4 ਸ਼ੀਆ ਕੁਰਾਨ ਨੂੰ ਅੱਲਾ ਦਾ ਇਲਹਾਮ ਮੰਨਦੇ ਸਨ ਅਤੇ ਮੁਹੰਮਦ ਨੂੰ ਉਸਦਾ ਆਖ਼ਰੀ ਰਸੂਲ ਜਾਂ ਹਜ਼ਰਤ। ਪਰ ਉਹ ਪਹਿਲੇ ਤਿੰਨ ਖ਼ਲੀਫ਼ਿਆਂ ਨੂੰ ਨਹੀਂ ਮੰਨਦੇ ਅਤੇ ਸਿਰਫ਼ ਅਲੀ ਨੂੰ ਮੁਹੰਮਦ ਦਾ ਸੱਚਾ ਉੱਤਰ ਅਧਿਕਾਰੀ; ਅਤੇ ਇਸ ਲਈ ਉਸ ਨੂੰ ਸੱਭ ਤੋਂ ਪਹਿਲਾ ਇਮਾਮ ਮੰਨਦੇ ਹਨ।ਉਨ੍ਹਾਂ ਅਨੁਸਾਰ ਮੁਹੰਮਦ-ਅਲ-ਮਾਹਦੀ, ਬਾਹਰਵਾਂ ਇਮਾਮ, ਜੋ ਕਿ ਸੰਸਾਰ ਤੋਂ ਲੁਪਤ ਹੋ ਗਿਆ ਸੀ ਅਤੇ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਉਹ ਸੰਸਾਰ ਨਿਆਂ ਅਤੇ ਸਚਾਈ ਬਹਾਲ ਕਰਨ ਲਈ ਫਿਰ ਪੈਦਾ ਹੋਵੇਗਾ। ਹੁਸੈਨ (ਅਲੀ ਦਾ ਪੁੱਤਰ) ਦੀ ਸ਼ਹੀਦੀ, ਸ਼ੀਆ ਮੁਸਲਮਾਨਾਂ ਦੇ ਵਿਸ਼ਵਾਸ਼ ਅਨੁਸਾਰ, ਨੇ ਸ਼ੀਆ ਮੁਸਲਮਾਨਾਂ ਲਈ ਸਵੱਰਗ ਦੇ ਰਸਤੇ ਖੋਲ੍ਹ ਦਿੱਤੇ ਸਨ। ਇਸ ਵਿਸ਼ਵਾਸ਼ ਤੇ ਆਧਾਰਿਤ, ਸ਼ੀਆ ਉਸ ਦੀ ਸਾਲਾਨਾ ਸ਼ਹੀਦੀ ਯਾਦ ਵਿੱਚ ਤਾਜ਼ੀਆਂ ਨੂੰ ਬਹੁਤ ਮਹੱਤਵ ਦਿੰਦੇ ਹਨ। ਉਨ੍ਹਾਂ ਦਾ ਇਹ ਬਹੁਤ ਸੋਚਿਆ-ਸਮਝਿਆ ਵਿਚਾਰ ਸੀ ਕਿ ਉਹ ਆਪਣੀ ਅਸਲੀ ਪਹਿਚਾਣ ਗੁਪਤ ਰੱਖਣ। ਪਰ ਸੁੰਨੀਆਂ ਨੂੰ ਪੰਜਾਬ ਦੇ ਹਰ ਕਸਬੇ ਅਤੇ ਸ਼ਹਿਰ ਵਿੱਚ ਉਨ੍ਹਾਂ ਦੀ ਹੋਂਦ ਮਹਿਸੂਸ ਹੁੰਦੀ ਸੀ।

5.5 ਹਰ ਦਿਨ ਬਹੁਤ ਸਾਰੇ ਲੋਕ ਸੂਫ਼ੀਆਂ ਦੇ ਪ੍ਰਭਾਵ ਵਿੱਚ ਆ ਰਹੇ ਸਨ। ਇਹ ਸਚਾਈ ਹੈ ਕਿ ਪੰਜਾਬ ਵਿੱਚ ਸੂਫ਼ੀਆਂ ਦਾ ਪ੍ਰਭਾਵ ਬਾਕੀ ਸਾਰੇ ਦੇਸ਼ ਨਾਲੋਂ ਵੱਧ ਸੀ। ਅਲੀ-ਅਲ-ਹੁਜਵੀਰੀ, ਜਿਸਨੇ ਕਸ਼ਫਲ-ਮਹਜੂਬ

ਰਚਿਆ ਸੀ, ਦੇ ਸਮੇਂ ਤੋਂ ਲਾਹੌਰ, ਜਿੱਥੇ ਉਹ ਗਜ਼ਨਵੀਆਂ ਦੇ ਸਮੇਂ ਵਸ ਗਿਆ ਸੀ, ਬਹੁਤ ਸਾਰੇ ਸ਼ੇਖ਼ਾਂ ਦਾ ਨਿਵਾਸ ਜਾਣਿਆ ਜਾਂਦਾ ਸੀ। ਪੀੜ੍ਹੀ ਦਰ ਪੀੜ੍ਹੀ ਉਸ ਨੂੰ 'ਦਾਤਾ ਗੰਜ ਬਕਸ਼' ਦੇ ਨਾਂ ਨਾਲ ਪੂਜਿਆ ਜਾਂਦਾ ਸੀ। ਚਿਸ਼ਤੀ ਤੇ ਸੁਹਰਾਵਾਰਦੀ ਸੂਫ਼ੀ ਸਿਲਸਿਲਾ ਪੰਜਾਬ ਦਾ ਸਭ ਤੋਂ ਪੁਰਾਣੇ ਸਿਲਸਿਲਿਆਂ ਵਿਚੋਂ ਸਨ। ਪਾਕਪਟਨ ਵਿੱਚ ਸ਼ੇਖ ਫਰੀਦ ਚਿਸ਼ਤੀ ਦੀ ਖਾਨਖਾਹ (ਦਰਗਾਹ) ਤੇਹਰਵੀਂ ਤੋਂ ਸੋਲ੍ਹਵੀਂ ਸਦੀ ਤੱਕ ਬਹੁਤ ਮਹੱਤਵਪੂਰਨ ਸੂਫ਼ੀ ਕੇਂਦਰ ਰਿਹਾ। ਉਸ ਦਾ ਸੋਲ੍ਹਵੀਂ ਸਦੀ ਦਾ ਉੱਤਰ ਅਧਿਕਾਰੀ, ਸ਼ੇਖ ਇਬਰਾਹੀਮ, 'ਦੂਸਰਾ ਫਰੀਦ' ਦੇ ਨਾਂ ਨਾਲ ਮਸ਼ਹੂਰ ਸੀ।

5.6 ਭਾਰਤ ਅਤੇ ਵਿਦੇਸ਼ਾਂ ਵਿੱਚ ਰਚੇ ਸੂਫ਼ੀ ਸਾਹਿਤ ਵਿੱਚ ਬਹੁਤ ਖੁੱਲ੍ਹੇ ਤੇ ਉਦਾਰ-ਵਾਦੀ ਵਿਚਾਰ ਪ੍ਰਗਟ ਸਨ। ਸੂਫ਼ੀ ਕੁਰਾਨ ਦੀਆਂ ਕੁੱਝ ਪੰਕਤੀਆਂ ਅਕਸਰ ਦੁਹਰਾਂਦੇ ਹਨ: 'ਅੱਲਾ ਸਵੱਰਗ ਅਤੇ ਧਰਤੀ ਦਾ ਨੂਰ ਹੈ'; 'ਉਸਨੂੰ ਪਿਆਰ ਕਰੋ ਤਾਂ 'ਉਹ' ਤੁਹਾਨੂੰ ਆਪਣੇ ਨਜ਼ਦੀਕ ਖਿੱਚਦਾ ਹੈ'। 'ਅੱਲਾ ਉਨ੍ਹਾਂ ਨੂੰ ਪਿਆਰ ਕਰਦਾ ਹੈ ਅਤੇ ਉਹ 'ਉਸਨੂੰ'। ਬਿਨਾਂ ਸ਼ੱਕ ਸੂਫ਼ੀਆਂ ਦਾ ਸਭ ਤੋਂ ਕੇਂਦਰੀ ਸਿਧਾਂਤਕ ਪੱਖ ਉਨ੍ਹਾਂ ਦਾ ਮੁਕੰਮਲ ਆਤਮ-ਸਮ੍ਰਪਣ ਕਰਕੇ ਪ੍ਰਮਾਤਮਾ ਨਾਲ ਇੱਕ ਹੋਣਾ ਸੀ। ਮਾਨਵ ਅਤੇ ਪ੍ਰਮਾਤਮਾ ਵਿੱਚ ਪਿਆਰ ਦਾ ਰਿਸ਼ਤਾ ਸੀ ਅਤੇ ਇਹ ਦੁਵੱਲਾ ਰਿਸ਼ਤਾ ਅੰਤ ਵਿੱਚ ਪ੍ਰਮਾਤਮਾ ਨਾਲ ਮੇਲਦਾ ਸੀ। ਪ੍ਰਮਾਤਮਾ ਨਾਲ ਇੱਕ ਹੋਣ ਲਈ ਆਪਣੇ ਆਪ (ਹਉਮੇ) ਨੂੰ ਮਾਰਨਾ ਪੈਂਦਾ ਸੀ।

5.7 ਸ਼ੇਖ, ਪੀਰ (ਆਪਣੇ ਮੁਰੀਦ ਨੂੰ ਰਸਤਾ ਦਿਖਾਉਣ ਵਾਲਾ) ਦੇ ਤੌਰ ਤੇ ਕਰਨੀ ਅਤੇ ਕਥਨੀ ਦੋਹਾਂ ਵਿੱਚ ਬਹੁਤ ਖ਼ਾਸ ਦਰਜਾ ਰੱਖਦਾ ਸੀ।ਸੂਫ਼ੀਆਂ ਦੀ ਸਭ ਤੋਂ ਮਹੱਤਵਪੂਰਨ ਸਿਧਾਂਤ 'ਪ੍ਰਮਾਤਮਾ ਨੂੰ ਯਾਦ (ਜ਼ਿਕਰ) ਕਰਨਾ' ਸੀ। ਇੱਕਲੇ 'ਅੱਲਾ' ਦੇ ਨਾਮ ਨੂੰ ਬਾਰ ਬਾਰ ਦੁਹਰਾਉਣਾ। ਇਸਲਾਮ ਧਰਮ ਨੂੰ ਮੰਨਣ ਵਾਲੇ ਸਾਰੇ ਹੀ ਸੰਸਾਰ ਵਿੱਚ, ਸ਼ੇਖ 'ਸਮਾਂ' ਜਾਂ 'ਕਵਾਲੀ' ਨੂੰ ਰੂਹਾਨੀ ਤਰੱਕੀ ਲਈ ਸ਼ੁੱਭ ਵਿਚਾਰਦੇ ਸਨ। ਕਵਾਲੀ ਦੀ ਪ੍ਰੰਪਰਾ ਅਤੇ ਇਸ ਨੂੰ ਸੁਣਨ ਦੀ ਕਿਰਿਆ ਨੂੰ ਸ਼ੇਖ਼ਾਂ ਨੇ ਉਲੇਮਾ ਦੀ ਮੁਖਾਲਫ਼ਤ ਦੇ ਬਾਵਜੂਦ ਨਹੀਂ ਨਿਕਾਰਿਆ।

## 6. ਬ੍ਰਾਹਮਣਵਾਦੀ ਪ੍ਰੰਪਰਾਵਾਂ

6.1 ਪੰਜਾਬ ਦੇ ਕੁਝ ਪਹਾੜੀ ਇਲਾਕਿਆਂ ਵਿੱਚ ਤਾਂਤਰਿਕ (ਜੰਤਰ-ਮੰਤਰ) ਬੁੱਧ ਧਰਮ ਪ੍ਰਚੱਲਤ ਸੀ। ਪੰਜਾਬ ਦੇ ਬਹੁਤ ਸਾਰੇ ਮੈਦਾਨੀ ਇਲਾਕੇ ਦੇ ਕਸਬਿਆਂ ਅਤੇ ਸ਼ਹਿਰਾਂ ਦੇ ਵਪਾਰੀ ਅਤੇ ਦੁਕਾਨਦਾਰਾਂ ਵਿੱਚ ਜੈਨੀ ਸਾਧੂਆਂ ਦੀ ਮਾਨਤਾ ਸੀ। ਬੇਮਤਲਵੇ ਘੁੰਮਣ ਵਾਲੇ ਇਹ ਸਾਧੂ ਬੇਸ਼ੱਕ ਗਿਣਤੀ ਵਿੱਚ ਥੋੜ੍ਹੇ ਸਨ, ਪਰ ਇਨ੍ਹਾਂ ਦੀ ਖ਼ਾਸ ਅਤੇ ਚੁਭਵੀਂ ਦਿੱਖ ਆਸਾਨੀ ਨਾਲ ਨਜ਼ਰ ਆਉਂਦੀ ਸੀ। ਉਹ ਆਪਣੀ ਤਿਆਗਮਈ ਜ਼ਿੰਦਗੀ ਅਤੇ ਕਿਸੇ ਵੀ ਜੀਵ (ਚਾਹੇ ਨਜ਼ਰ ਆਵੇ ਜਾਂ ਨਾ) ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਨਾ ਦੇਣ ਲਈ ਜਾਣੇ ਜਾਂਦੇ ਸਨ। ਕਿਉਂਕਿ ਉਹ ਨਾਸਤਿਕਤਾ ਵਿੱਚ ਵਿਸ਼ਵਾਸ਼ ਰੱਖਦੇ ਸਨ, ਇਸ ਲਈ ਲੋਕ ਉਨ੍ਹਾਂ ਨੂੰ ਚੰਗਾ ਨਹੀਂ ਸਮਝਦੇ ਸਨ।

6.2 ਜ਼ਿਆਦਾਤਰ ਹਿੰਦੂ, ਬ੍ਰਾਹਮਣਵਾਦੀ ਫਿਰਕਿਆਂ: ਸ਼ੈਵ (ਸ਼ਿਵ ਭਗਤ), ਵੈਸ਼ਨਵ ਅਤੇ ਸ਼ਾਕਤ ਸੰਪਰਦਾਵਾਂ ਨਾਲ ਜੁੜੇ ਹੋਏ ਸਨ। ਸ਼ਿਵਜੀ ਨੂੰ ਪ੍ਰਮੁੱਖ ਦੇਵਤਾ ਕਰਕੇ ਸਥਾਪਤ ਮੰਦਿਰਾਂ ਦੀ ਦੇਖ ਭਾਲ ਸ਼ਿਵ ਭਗਤ ਬ੍ਰਾਹਮਣ ਕਰਦੇ ਸਨ ਅਤੇ ਉਨ੍ਹਾਂ ਨੇ 'ਅਗੰਮ' ਅਤੇ 'ਪੁਰਾਣ', ਸ਼ੈਵ ਸਾਹਿਤ ਦਾ ਅਧਿਐਨ ਵੀਕਰਦੇ ਸਨ। ਸ਼ਿਵ ਜੀ ਨੂੰ ਮੰਨਣ ਵਾਲੇ ਸਾਧੂ, ਜਿਨ੍ਹਾਂ ਨੂੰ 'ਸੰਨਿਆਸੀ' ਕਿਹਾ ਜਾਂਦਾ ਸੀ, ਵੀ ਹੁੰਦੇ ਸਨ। ਉਨ੍ਹਾਂ ਦੇ ਅੱਗੇ ਅਲੱਗ ਅਲੱਗ ਵਰਗ ਸਨ, ਉਨ੍ਹਾਂ ਨੂੰ ਦਸ ਨਾਮੀ ਕਿਹਾ ਜਾਂਦਾ ਸੀ। ਆਮ ਤੌਰ ਤੇ ਉਹ ਹਲਕੇ ਭੂਰੇ ਰੰਗ ਦੇ ਕੱਪੜੇ ਪਹਿਨਦੇ ਸਨ, ਜਦੋਂ ਕਿ ਕੁੱਝ ਸੰਨਿਆਸੀ ਨੰਗੇ ਵੀ ਰਹਿੰਦੇ ਅਤੇ ਕੁਝ ਆਪਣੇ ਮੋਢਿਆਂ ਤੇ ਸ਼ੇਰ ਜਾਂ ਚੀਤੇ ਦੀ ਖੱਲ ਲਟਕਾਈ ਰੱਖਦੇ ਸਨ। ਲਗਭਗ ਸਾਰੇ ਹੀ ਸੰਨਿਆਸੀ ਆਪਣੇ ਮੱਥੇ ਤੇ ਸੁਆਹ (ਰਾਖ) ਨਾਲ ਤਿਲਕ ਦਾ ਨਿਸ਼ਾਨ ਬਣਾਉਂਦੇ ਸਨ। ਸਨਿਆਸੀ ਥਾਂ ਥਾਂ ਭਰਮਣ ਕਰਦੇ ਸਨ, ਪਰ ਉਨ੍ਹਾਂ ਨੇ ਕੁਝ ਮੱਠ ਵੀ ਸਥਾਪਿਤ ਕੀਤੇ ਹੋਏ ਸਨ।

6.3 ਪੰਜਾਬ ਵਿੰਚ ਵੈਸ਼ਨਵ ਮੱਤ ਵੱਲ ਧਿਆਨ ਮਾਰੀਏ ਤਾਂ ਦੇਖਦੇ ਹਾਂ ਕਿ ਅਲਬਰੂਨੀ ਨੂੰ ਮੱਤ ਦੇ ਬਹੁਤ ਹੀ ਉਮਦਾ ਗਰੰਥਾਂ: ਭਗਵਤ ਗੀਤਾ, ਭਗਵਤ ਪੁਰਾਣ ਅਤੇ ਵਿਸ਼ਨੂੰ ਪੁਰਾਣ ਬਾਰੇ ਜਾਣਕਾਰੀ ਸੀ। ਵਿਸ਼ਨੂੰ ਨੂੰ ਪ੍ਰਮੁੱਖ ਦੇਵਤਾ ਦੇ ਤੌਰ ਤੇ ਜਿਵੇਂ ਕਿ ਲਕਸ਼ਮੀ ਨਾਰਾਇਣ ਜਾਂ ਉਸਦੇ ਸਰੂਪ, ਸਮ੍ਰਪਤ ਮੰਦਿਰਾਂ ਦੀ ਦੇਖਭਾਲ ਵੈਸ਼ਨਵ ਬ੍ਰਾਹਮਣ ਕਰਦੇ ਸਨ। ਵੈਸ਼ਨਵ ਤਿਆਗਿਆਂ ਨੂੰ ਆਮ ਤੌਰ ਤੇ 'ਬੈਰਾਗੀ' ਕਿਹਾ ਜਾਂਦਾ ਸੀ। ਉਹ ਹਵਨ, ਯੱਗ ਅਤੇ ਤੀਰਥ ਯਾਤਰਾ ਨੂੰ ਮਾਨਤਾ ਦਿੰਦੇ ਸਨ। ਉਹ ਮਾਸ ਅਤੇ ਸ਼ਰਾਬ ਤੋਂ ਪ੍ਰਹੇਜ਼ ਨੂੰ ਪ੍ਰਚਾਰਦੇ ਸਨ।

6.4 ਸ਼ਾਕਤ ਦੇਵੀ ਜਾਂ ਉਸਦੇ ਵੱਖ ਵੱਖ ਸਰੂਪਾਂ ਨੂੰ ਪੂਜਦੇ ਸਨ ਅਤੇ 'ਦੈਵੀ ਸ਼ਕਤੀ', ਜੋ ਕਿ ਜਹਾਨ ਅਤੇ ਦੇਵਤਿਆਂ ਦੇ ਬਹੁਤ ਸਾਰੇ ਸਰੂਪਾਂ ਨੂੰ ਪਾਲਦੀ ਹੈ, ਨੂੰ ਪਹਿਲ ਦਿੰਦੇ ਸਨ। ਇਹ'ਦੁਰਗਾ' ਜਾਂ 'ਕਾਲੀ', ਜਾਂ ਉਸਦੇ ਹੋਰ ਭਿਆਨਕ ਰੂਪ ਦੇ ਮਾਣ ਵਿੱਚ ਪਸ਼ੂ ਬਲੀ ਨੂੰ ਜ਼ਰੂਰੀ ਅੰਗ ਮੰਨਦੇ ਸਨ।

## 7. ਨਵੀਆਂ ਧਾਰਮਿਕ ਲਹਿਰਾਂ

7.1 ਗਜ਼ਨਵੀਂ ਦੀ ਪੰਜਾਬ ਤੇ ਜਿੱਤ ਤੋਂ ਬਾਅਦ ਪੰਜਾਬ ਵਿੱਚ ਸ਼ੈਵ ਸੰਮਪ੍ਰਦਾਏ ਵਿੱਚ ਇੱਕ ਨਵੀਂ ਲਹਿਰ ਪੈਦਾ ਹੋਈ। ਇਸ ਦੇ ਬਾਨੀ ਗੋਰਖਨਾਥ ਸੀ। ਉਹ ਸ਼ਿਵ ਨੂੰ ਪ੍ਰਮੁੱਖ ਦੇਵਤਾ ਮੰਨਦੇ ਹੋਏ, ਇਸ ਦੀ ਫਲਸਫੇ ਵਿਚ 'ਹੱਠ ਜੋਗ' ਅਪਣਾਇਆ ਗਿਆ। ਇਸ ਨੂੰ ਮੰਨਣ ਅਤੇ ਪ੍ਰਚਾਰਨ ਵਾਲੇ ਗੋਰਖਨਾਥੀ ਜੋਗੀ ਜਾਂ ਸਧਾਰਨ ਯੋਗੀ ਜਾਣੇ ਜਾਂਦੇ ਸਨ। ਭਾਰਤੀ ਸੂਫ਼ੀ ਸਾਹਿਤ ਵਿੱਚ ਇਨ੍ਹਾਂ ਦਾ ਅਕਸਰ ਜ਼ਿਕਰ ਮਿਲਦਾ ਹੈ। ਪੰਦਰਵੀਂ ਸਦੀ ਵਿਚ ਇਨ੍ਹਾਂ ਦਾ ਪੰਜਾਬ ਦੇ ਲੋਕਾਂ ਉੱਤੇ ਬਹੁਤ ਪ੍ਰਭਾਵ ਪਿਆ। ਸਿੰਧ ਸਾਗਰ ਦੁਆਬ ਵਿੱਚ ਗੋਰਖਨਾਥ ਦਾ ਟਿੱਲਾ (ਮੱਠ) ਇਸ ਫਿਰਕੇ ਦਾ ਪ੍ਰਮੁੱਖ ਕੇਂਦਰ ਸੀ, ਪਰ ਜੋਗੀਆਂ ਦੇ ਮੱਠ ਹੋਰ ਕਾਫ਼ੀ ਥਾਵਾਂ ਤੇ ਸਥਾਪਿਤ ਹੋਏ। ਸੋਲ੍ਹਵੀਂ ਸਦੀ ਦੇ ਸ਼ੁਰੂ ਵਿੱਚ ਇਸ ਦੇ 12 ਵੱਖ ਵੱਖ ਵਰਗਾਂ ਦੇ ਹਵਾਲੇ ਮਿਲਦੇ ਸਨ ਜਿਨ੍ਹਾਂ ਨੂੰ 'ਭੇਖ-ਬਾਰਾਂ' ਕਰਕੇ ਜਾਣਿਆ ਜਾਂਦਾ ਸੀ। ਇਸ ਨੂੰ ਮੰਨਣ ਵਾਲਿਆਂ ਵਿੱਚ 'ਖ਼ਾਸ ਮਾਹਿਰਾਂ' ਨੂੰ ਕੰਨ ਵਿੰਚ ਮੁੰਦਰਾਂ ਪਾਉਣ ਦੀ

ਇਜ਼ਾਜਿਤ ਸੀ ਅਤੇ ਉਹ ਕੰਨ-ਪਾਟੇ ਜੋਗੀ ਕਹਾਉਂਦੇ ਸਨ। ਉਨ੍ਹਾਂ ਨੂੰ ਆਪਣੇ ਨਾਂ ਨਾਲ 'ਨਾਥ' ਦਾ ਉੱਪ-ਨਾਵ ਲਗਾਉਣ ਦੀ ਇਜ਼ਾਜਤ ਸੀ। ਜੋਗੀ ਆਪਣੇ ਕੋਲ ਨਾਦ ਜਾਂ ਸਿੰਘੀ ਰੱਖਦੇ ਸਨ। ਲਗਾਤਾਰ ਬਲਦੀ 'ਧੂਣੀ' ਇਨ੍ਹਾਂ ਮੱਠਾਂ ਦਾ ਇੱਕ ਮਹੱਤਵਪੂਰਨ ਚਿੰਨ੍ਹ ਸੀ। ਇਨ੍ਹਾਂ ਕੇਂਦਰਾਂ ਵਿੱਚ ਪੱਕੇ ਅਤੇ ਆਰਜ਼ੀ ਤੌਰ ਤੇ ਮੱਠਾਂ ਵਿਚ ਰਹਿਣ ਵਾਲੇ ਜੋਗੀਆਂ ਦੇ ਭੋਜਨ ਲਈ ਭੰਡਾਰਾ ਚਲਾਇਆ ਜਾਂਦਾ ਸੀ।



pkpo r'oy^jNoh ftZuL *pkpo Bkwk*

7.2 ਜੋਗੀਆਂ ਦੇ ਮਾਨਸਿਕ-ਸ਼ਰੀਰਕ ਤਰੀਕੇ ਜੀਵਨ-ਮੁਕਤੀ, ਸਦਾ ਸਹਿਜ ਅਵੱਸਥਾ, ਪਾਣ ਦੇ ਸਾਧਨ ਸਨ। ਇਹ ਇੱਕ ਬਹੁਤ ਹੀ ਸ਼ਕਤੀ ਦੀ ਅਵੱਸਥਾ ਹੁੰਦੀ ਸੀ ਜਿਸ ਤੋਂ ਬਾਅਦ ਜੋਗੀ 'ਸਿੱਧ' ਬਣ ਜਾਂਦਾ ਸੀ; ਜਿਸ ਨੂੰ 'ਦੈਵੀ ਸ਼ਕਤੀਆਂ' ਪ੍ਰਾਪਤ ਹੋ ਜਾਂਦੀਆਂ ਸਨ। ਉਹ ਕੋਈ ਵੀ ਸ਼ਕਲ ਜਾਂ ਸੂਰਤ ਧਾਰਨ ਕਰ ਸਕਦਾ ਸੀ। ਉਹ ਬਹੁਤ ਹੀ ਸੂਖਮ ਜਾਂ ਵੱਡੇ ਅਕਾਰ ਵਾਲਾ, ਹਲਕਾ ਜਾਂ ਭਾਰੀ ਹੋ ਸਕਦਾ ਸੀ; ਉਹ ਕੋਈ ਵੀ ਵਸਤੂ ਪ੍ਰਾਪਤ ਕਰ ਸਕਦਾ ਸੀ, ਪਾਣੀ ਅਤੇ ਹਵਾ ਵਿੱਚ ਉੱਡ ਸਕਦਾ ਸੀ। ਜੋਗੀ ਸਾਹ ਰੋਕਣ ਦੀ ਕਿਰਿਆ ਦੁਆਰਾ ਆਪਣੀ ਆਯੂ ਲੰਬੀ ਕਰਨ ਦੇ ਵੀ ਕਾਬਲ ਹੁੰਦੇ ਸਨ। ਉਹ ਆਮ ਧਾਤਾਂ ਜਾਂ ਸੁਆਹ ਨੂੰ ਵੀ ਸੋਨੇ ਵਿੱਚ ਬਦਲਣ ਦੀ ਰਸਾਇਣਕ ਵਿਧੀ ਦਾ ਗਿਆਨ ਰੱਖਦੇ ਸਨ। ਉਹ ਦੇਸੀ ਦੁਆਈ-ਬੂਟੀ ਦੇ ਮਾਹਿਰ ਸਨ। ਬਿਨਾਂ ਜਾਤ-ਪਾਤ ਦੇ ਭੇਦ ਤੋਂ ਕੋਈ ਵੀ ਉਨ੍ਹਾਂ ਦਾ ਚੇਲਾ ਬਣ ਸਕਦਾ ਸੀ।

7.3 ਇਸੇ ਸਮੇਂ ਵੈਸ਼ਨਵ ਮੱਤ ਵਿੱਚ ਨਵੀਂ ਲਹਿਰ ਸ਼ੁਰੂ ਹੋਈ ਜਿਸਨੂੰ 'ਭਗਤੀ ਲਹਿਰ' ਕਿਹਾ ਜਾਂਦਾ ਹੈ। ਭਗਤੀ ਦਾ ਮਾਰਗ ਹੀ ਮੁਕਤੀ ਦਾ ਸਹੀ ਰਾਹ ਮੰਨਿਆ ਜਾਣ ਲੱਗਿਆ; ਜਿਵੇਂ ਕਿ ਗਿਆਨ ਜਾਂ ਜਾਣਕਾਰੀ ਅਤੇ ਸਹੀ

ਕਰਮ ਦਾ ਮਾਰਗ। ਤੇਹਰਵੀਂ ਅਤੇ ਚੌਧਵੀਂ ਸਦੀਆਂ ਵਿੱਚ ਵਿਸ਼ਨੂ ਦੇ ਮਾਨਵ ਸਰੂਪ, ਰਾਮ ਚੰਦਰ ਅਤੇ ਕ੍ਰਿਸ਼ਨ ਦੀ ਭਗਤੀ ਪ੍ਰਚਲਤ ਹੋਈ ਅਤੇ ਇਹ ਮੰਨਿਆ ਜਾਣ ਲੱਗਿਆ ਕਿ ਇਨ੍ਹਾਂ ਦੀ ਭਗਤੀ ਹੀ ਮੁਕਤੀ ਦਾ ਅਸਲ ਮਾਰਗ ਹੈ। ਰਾਮ ਅਤੇ ਕ੍ਰਿਸ਼ਨ ਦੇ ਨਾਲ ਸੀਤਾ ਅਤੇ ਰਾਧਾ, ਨੂੰ ਜੋੜਿਆ ਗਿਆ। ਸੀਤਾ-ਰਾਮ ਅਤੇ ਰਾਧਾ-ਕ੍ਰਿਸ਼ਨ ਦੇ ਬੁੱਤ ਮੰਦਿਰਾਂ ਵਿਚ ਸਥਾਪਿਤ ਕੀਤੇ ਗਏ।

7.4. ਚੌਧਵੀਂ ਅਤੇ ਪੰਦਰਵੀਂ ਸਦੀ ਵਿੱਚ ਰਾਮਾ ਨੰਦ ਨੇ ਉੱਤਰੀ ਭਾਰਤ ਵਿੱਚ ਰਾਮ ਭਗਤੀ ਦਾ ਚਲਣ ਸ਼ੁਰੂ ਕੀਤਾ। ਉਸ ਦੇ ਚੇਲਿਆਂ ਨੇ ਕਾਫ਼ੀ ਸਥਾਨਾਂ ਤੇ ਮੱਠ ਸਥਾਪਿਤ ਕੀਤੇ। ਰਾਮਾ ਨੰਦੀ ਬੈਰਾਗੀਆਂ ਨੂੰ ਇਨ੍ਹਾਂ ਮੱਠਾਂ ਤੋਂ ਬਹੁਤ ਸ਼ਕਤੀ ਅਤੇ ਸਹਾਇਤਾ ਮਿਲਦੀ ਸੀ। ਵਿੱਦਿਆ ਲਈ ਪਾਠਸ਼ਾਲਾਵਾਂ ਅਤੇ ਗਊ ਪਾਲਣ ਲਈ ਗਊ ਸ਼ਾਲਾਵਾਂ, ਇਨ੍ਹਾਂ ਮੱਠਾਂ ਦਾ ਇੱਕ ਅਭਿੰਨ ਅੰਗ ਸਨ। ਉੱਤਰ ਵਿੱਚ, ਬੰਗਾਲ ਅਤੇ ਉੜੀਸਾ ਵਿੱਚ ਚੈਤੰਨਿਆ ਅਤੇ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਵਿੱਚ ਵਲੱਭਚਾਰੀਆ ਨੇ ਕ੍ਰਿਸ਼ਨ ਭਗਤੀ ਚਲਣ ਕੀਤਾ। ਚੈਤੰਨਿਆ ਨੇ ਕ੍ਰਿਸ਼ਨ ਭਗਤੀ ਦੇ ਭਾਵਨਾਤਮਿਕ ਪੱਖ ਨੂੰ ਮਦਹੋਸ਼ੀ ਨਾਲ ਨਾਚ ਤੇ ਸਾਜ਼-ਸੰਗੀਤ ਨਾਲ ਭਜਨ-ਕੀਰਤਨ ਕਰਕੇ ਪ੍ਰਚਾਰਿਆ। ਵਲਭ ਨੇ ਕ੍ਰਿਸ਼ਨ ਭਗਤੀ ਨੂੰ ਮੰਦਿਰਾਂ ਵਿੱਚ ਸਨਮਾਨਿਤ ਪੱਖ ਵੱਲ ਜੋੜਿਆ; ਜਿੱਥੇ ਰੋਜ਼ਾਨਾ, ਤੜਕੇ ਤੋਂ ਜਦੋਂ ਕ੍ਰਿਸ਼ਨ ਅਵਤਾਰ ਜਾਗਦੇ ਅਤੇ ਦੇਰ ਰਾਤ ਤੱਕ ਉਹ ਸੌਂਦੇ, ਸਾਰਾ ਦਿਨ ਸਨਮਾਨਿਤ ਢੰਗ ਨਾਲ ਵੱਖ ਵੱਖ ਕਿਰਿਆਵਾਂ ਕੀਤੀਆਂ ਜਾਂਦੀਆਂ ਸਨ। ਮੂਲ ਰੂਪ ਵਿਚ ਕ੍ਰਿਸ਼ਨ ਭਗਤੀ ਉੱਚ ਅਤੇ ਮਧਿਅਮ ਜਾਤੀਆਂ ਦੇ ਲੋਕਾਂ ਲਈ ਸੀ; ਬੇਸ਼ੱਕ ਇਸਦੇ ਮੋਢੀਆਂ ਨੇ ਕੁੱਝ ਕੁੱਝ ਆਮ ਲੋਕਾਂ ਦੀ ਬੋਲੀ ਵੀ ਵਰਤੀ ਅਤੇ ਹੇਠਲੀ ਜਾਤਾਂ ਵੱਲ ਝੁਕਾਅ ਦਿਖਾਇਆ।

7.5 ਦੱਬੀਆਂ ਅਤੇ ਹੇਠਲੀ ਜਾਤਾਂ ਦੀ ਲਹਿਰ ਲਈ ਸਾਨੂੰ ਉੱਤਰੀ ਭਾਰਤ ਦੇ ਸੰਤਾਂ ਵੱਲ ਧਿਆਨ ਦੇਣਾ ਪਵੇਗਾ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਇਨ੍ਹਾਂ ਨੂੰ 'ਭਗਤ' ਕਿਹਾ ਗਿਆ ਹੈ। ਉਨ੍ਹਾਂ ਨੇ ਪੁਨਰ-ਜਨਮ ਅਤੇ ਮੰਦਿਰਾਂ ਵਿੱਚ ਬੁੱਤ ਪੂਜਾ ਨੂੰ ਨਕਾਰਿਆ। ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਭਗਤਾਂ ਨੇ ਵਿਸ਼ਨੂੰ ਭਗਤੀ ਨੂੰ ਸੰਬੋਧਨ ਹੀ ਨਹੀਂ ਕੀਤਾ। ਕਬੀਰ, ਜੋ ਕਿ ਬਹੁਤਾ ਸਮਾਂ ਬਨਾਰਸ ਵਿੱਚ ਰਿਹਾ, ਨੇ ਉਸ ਸਮੇਂ ਦੇ ਵਿਸ਼ਵਾਸ਼ਾਂ ਅਤੇ ਰੀਤੀਆਂ ਨੂੰ ਨਕਾਰਿਆ। ਉਸ ਨੇ ਕਿਹਾ: ਮੌਲਵੀ ਅਤੇ ਪੰਡਿਤ ਜੋ ਕਿ ਇਸਲਾਮ ਅਤੇ ਹਿੰਦੂ ਧਰਮ ਦੀਆਂ ਪੁਰਾਣੀਆਂ ਪ੍ਰਥਾਵਾਂ ਦੇ ਰਖਵਾਲੇ ਸਨ, ਇੱਕੋ ਮਿੱਟੀ ਦੇ ਭਾਂਡੇ ਸਨ। ਵੇਦ ਅਤੇ ਕੁਰਾਨ, ਹਿੰਦੂ ਅਤੇ ਮੁਸਲਮਾਨਾਂ ਦੇ ਇਲਹਾਮੀ ਗਰੰਥ ਅਤੇ ਇਨ੍ਹਾਂ ਦੇ ਪਾਲਣਹਾਰਾਂ ਨੂੰ ਨਿਕਾਰ ਦਿੱਤਾ। ਕਬੀਰ ਵਿਸ਼ਨੂੰ ਅਵਤਾਰ ਵਿੱਚ ਯਕੀਨ ਨਹੀਂ ਰੱਖਦਾ ਸੀ। ਉਸ ਅਨੁਸਾਰ, ਦਸ ਦੇ ਦਸ ਅਵਤਾਰ ਜਿਨ੍ਹਾਂ ਵਿਚ ਰਾਮ ਅਤੇ ਕ੍ਰਿਸ਼ਨ ਵੀ ਸ਼ਾਮਿਲ ਸਨ, ਮਾਇਆ ਹਨ ਜੋ ਕਿ ਲਗਾਤਾਰ ਖ਼ਤਮ ਹੁੰਦੇ ਰਹਿੰਦੇ ਹਨ। ਕਬੀਰ ਨੇ ਬਿਨ੍ਹਾਂ ਕਿਸੇ ਸਮਝੌਤੇ ਅਤੇ ਸਾਫ਼ ਭਾਸ਼ਾ ਵਿਚ ਮੰਦਿਰਾਂ ਵਿੱਚ ਬੁੱਤ ਪੂਜਾ, ਸ਼ੁੱਧੀਕਰਨ ਲਈ ਇਸ਼ਨਾਨ, ਰਸਮੀ ਵਰਤ ਅਤੇ ਪਵਿੱਤਰ ਤੀਰਥਾਂ ਦੀ ਯਾਤਰਾ ਨੂੰ ਨਿਕਾਰਿਆ। ਉਸ ਨੇ ਕਿਹਾ ਕਿ ਮੇਰਾ ਪ੍ਰਮਾਤਮਾ ਨਾ ਤਾਂ ਹਰੀ ਹੈ ਨਾ ਅੱਲਾ, ਉਹ ਨਾ ਹੀ ਪੂਰਬ ਵਿੱਚ ਹੈ ਅਤੇ ਨਾ ਹੀ ਪੱਛਮ ਵਿਚ; ਉਹ ਤਾਂ ਹਰ ਮਾਨਵ ਦੇ ਮਨ ਵਿੱਚ ਵਸਦਾ ਹੈ। ਪਿਆਰ ਦਾ ਮਤਲਬ

ਆਪ (ਹਉਮੈ) ਦੀ ਕੁਰਬਾਨੀ ਅਤੇ ਸੰਕੇਤਕ ਤੌਰ ਤੇ ਜ਼ਿੰਦਗੀ ਹੈ। ਕਬੀਰ ਅਨੁਸਾਰ ਭਗਤੀ ਇੱਕ ਜੰਸ਼ਭਰੀ ਅਤੇ ਲੰਬੀ ਭਾਲ ਹੈ ਜਿਸ ਵਿੱਚ ਆਦਮੀ ਦੀ ਜ਼ਿੰਦਗੀ ਵੀ ਖਤਰੇ ਵਿੱਚ ਪੈ ਸਕਦੀ ਹੈ। ਕਬੀਰ ਦਾ ਰਾਹ ਇੱਕ ਨਵਾਂ ਅਤੇ ਮੂਲ ਧਾਰਮਿਕ ਮੱਤ ਬਣਿਆ। ਉਸਦਾ ਪ੍ਰਮਾਤਮਾ ਹਰ ਇੱਕ ਦੇ ਅੰਦਰ ਅਤੇ ਬਾਹਰ ਵਸਣ ਵਾਲਾ ਹੈ; ਅਤੇ ਉਸੀ ਪ੍ਰਮਾਤਮਾ ਨੂੰ ਕਬੀਰ ਆਪਣੀ ਭਗਤੀ ਅਤੇ ਪਿਆਰ ਅਰਪਣ ਕਰਦਾ ਸੀ।

## ਪੁਸਤਕ ਸੂਚੀ


ਜੇ.ਐਸ.ਗਰੇਵਾਲ: <u>ਗੁਰੂ ਨਾਨਕ ਇਨ ਹਿਸਟਰੀ</u>, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1998(ਗਕਬਗਜਅਵ)।

ਜੇ.ਐਸ.ਗਰੇਵਾਲ: <u>ਰਲੀਜਿਅਸ ਮੂਵਮੈਂਟਸ ਐਂਡ ਇਨਸਟੀਊਸ਼ਨਸ ਇਨ ਮੈਡੀਵਲ ਇੰਡੀਆ</u> ਨਵੀਂ ਦਿੱਲੀ: ਔਕਸਫਰਡ ਯੂਨੀਵਰਸਿਟੀ ਪ੍ਰੈਸ, 2006.

ਜੇ.ਐਸ.ਗਰੇਵਾਲ: <u>ਦਾ ਸਿਖਸ ਆਫ਼ ਦਾ ਪੰਜਾਬ</u>, ਕੈਂਮਬਰੀਜ ਯੂਨੀਵਰਸਿਟੀ ਪ੍ਰੈਸ, 2017 (ਗਕਬਗਜਅਵ)

ਕਿਰਪਾਲ ਸਿੰਘ: <u>ਪਰਸਪੈਕਟਿਵਸ ਔਨ ਸਿੱਖ ਗੁਰੂਜ਼</u>, ਨਵੀਂ ਦਿੱਲੀ: ਨੈਸ਼ਨਲ ਬੁੱਕ ਸ਼ੌਪ, 2000.


## ਅਭਿਆਸ

I. **1 ਅੰਕ ਵਾਲੇ ਛੋਟੇ ਪ੍ਰਸ਼ਨ**

1. ਪੰਜਾਬ ਦੇ ਭੂਗੋਲਿਕ ਖੇਤਰ ਦੀ ਪਛਾਣ ਦਸੋ।
2. ਇਸ ਖੇਤਰ ਵਿਚ 15ਵੀਂ ਸਦੀ ਵਿਚ ਰਹਿੰਦੇ ਮੁਸਲਿਮ ਲੋਕਾਂ ਦੇ ਵੱਖ ਵੱਖ ਵਰਗਾਂ ਦੇ ਨਾਮ ਦਸੋ।
3. 'ਹਿੰਦੂ' ਕੌਣ ਸਨ?
4. 15ਵੀਂ ਸਦੀ ਦੇ ਆਖਰੀ ਹਿੱਸੇ ਵਿਚ ਹਿੰਦੂਆਂ ਵਿਚ ਕਿਹੜੀਆਂ ਨਵੀਆਂ ਲਹਿਰਾਂ ਚੱਲੀਆਂ?
5. 1519-24 ਵਿਚ ਬਾਬਰ ਨੇ ਕਿਹੜੇ ਇਲਾਕਿਆਂ ਤੇ ਕਬਜ਼ਾ ਕੀਤਾ?
6. ਸਿਕੰਦਰ ਲੋਧੀ ਨੇ ਕਿਸ ਕਿਸਮ ਦਾ ਨਿਆਇਕ ਸੁਧਾਰ ਕੀਤਾ?
7. ਕੀ ਗ਼ੈਰ-ਮੁਸਲਿਮ ਲੋਕ ਕਾਜ਼ੀ ਦੀ ਅਦਾਲਤ ਨੂੰ ਵਰਤਦੇ ਸਨ?
8. ਲੋਧੀ ਸੁਲਤਾਨ ਕਿਸਦੀ ਪ੍ਰਮੁੱਖਤਾ ਨੂੰ ਮੰਨਦੇ ਸਨ?
9. ਮੁਕੱਦਮ ਕੌਣ ਸਨ?
10. ਪੱਟਵਾਰੀ ਦਾ ਕੀ ਕੰਮ ਹੁੰਦਾ ਸੀ?

11. ਸ਼ੇਖਜ਼ਾਦਾ ਅਤੇ ਪੀਰਜ਼ਾਦਾ ਕੌਣ ਸਨ?

12. ਇਸਲਾਮ ਦੇ ਚਾਰ ਸਤੰਭ ਕਿਹੜੇ ਸਨ?

II. **3 ਅੰਕਾਂ ਵਾਲੇ ਪ੍ਰਸ਼ਨ** (35-40 **ਸ਼ਬਦ**)

1. 15ਵੀਂ ਸਦੀ ਦੇ ਅਖੀਰਲੇ ਹਿੱਸੇ ਵਿਚ 'ਹਿੰਦੂ' ਦਾ ਕੀ ਭਾਵ ਸੀ?

2. 15ਵੀਂ ਸਦੀ ਦੇ ਪੰਜਾਬ ਵਿਚ ਕਿਹੜੇ ਧਰਮ ਚਲਦੇ ਸਨ?

3. ਦਿੱਲੀ ਦੀ ਸਲਤਨਤ ਲਈ ਲੋਧੀ ਹਾਕਮਾਂ ਦਾ ਕੀ ਯੋਗਦਾਨ ਸੀ?

4. ਬਾਬਰ ਨੇ ਲੋਧੀ ਵੰਸ਼ ਦਾ ਅੰਤ ਕਿਵੇਂ ਕੀਤਾ?

5. ਲੋਕਾਂ ਦੇ ਕਿਹੜੇ ਵਰਗਾਂ ਨੂੰ ਲੋਧੀਆਂ ਅਧੀਨ ਸਰਕਾਰੀ ਸਰਪ੍ਰਸਤੀ ਮਿਲਦੀ ਸੀ?

6. ਲੋਧੀ ਸੁਲਤਾਨਾਂ ਅਧੀਨ ਪਦਧਾਰਕ ਅਹਿਲਕਾਰ ਕਿਹੋ ਜਿਹੀ ਜ਼ਿਦਗੀ ਬਤੀਤ ਕਰਦੇ ਸਨ?

7. ਤੁਰਕੋ-ਅਫ਼ਗਾਨ ਹਕੂਮਤ ਸਮੇਂ ਕਸ਼ੱਤਰੀਆਂ ਦੀ ਸਥਿਤੀ ਕਿਵੇਂ ਬਦਲ ਗਈ?

8. ਜਾਤ ਪਰਣਾਲੀ ਬਾਰੇ ਅਲਬਰੂਨੀ ਦੇ ਕੀ ਪ੍ਰਭਾਵ ਸਨ?

9. ਬ੍ਰਾਹਮਣ ਅਤੇ ਖੱਤਰੀ ਕਿਹੜੇ 'ਰਵਾਇਤੀ ਵਿਗਿਆਨ' ਪੜ੍ਹਦੇ ਸਨ?

10. 15ਵੀਂ ਸਦੀ ਵਿਚ ਇਸਤਰੀਆਂ ਦੀ ਹਾਲਤ ਉਤੇ ਟਿੱਪਣੀ ਕਰੋ।

III. **5 ਅੰਕਾਂ ਵਾਲੇ ਪ੍ਰਸ਼ਨ** (100-150 **ਸ਼ਬਦ**)

1. ਲੋਧੀ ਸੁਲਤਾਨਾਂ ਦੇ ਪ੍ਰਸ਼ਾਸਨਿਕ ਪ੍ਰਬੰਧ ਦਾ ਵਰਣਨ ਕਰੋ।

2. 15ਵੀਂ ਸਦੀ ਦੇ ਅਖੀਰਲੇ ਹਿੱਸੇ ਵਿਚ ਹਿੰਦੂਆਂ ਦੀ ਸਥਿਤੀ ਉਤੇ ਟਿੱਪਣੀ ਕਰੋ।

3. 15ਵੀਂ ਸਦੀ ਵਿਚ ਇਸਲਾਮੀ ਸਮਾਜ ਵਿਚ ਜੋ ਲੋਕਾਂ ਦੇ ਵੱਖ ਵੱਖ ਵਰਗ ਸਨ, ਉਹਨਾਂ ਦਾ ਵਰਣਨ ਕਰੋ।

4. ਤੁਰਕ ਅਤੇ ਅਫਗਾਨ ਹੁਕਮਰਾਨਾਂ ਅਧੀਨ 'ਹਿੰਦੂ' ਸਮਾਜ ਵਿਚ ਕਿਹੜੀਆਂ ਤਬਦੀਲੀਆਂ ਵਾਪਰੀਆਂ?

IV. **ਨਕਸ਼ੇ ਉਤੇ ਹੇਠ ਲਿਖੇ ਸਥਾਨ ਦਸੋ:**

ਜੌਨਪੁਰ, ਗਵਾਲੀਅਰ, ਸਿਆਲਕੋਟ, ਸੈਦਪੁਰ, ਦਿਪਾਲਪੁਰ, ਲਹੌਰ ਅਤੇ ਪਾਣੀਪੱਤ।

ਇਹਨਾਂ ਚੋਂ ਕਿਸੇ ਇਕ ਸਥਾਨ ਬਾਰੇ ਵਿਸਤ੍ਰਤ ਨੋਟ ਲਿਖੋ।